People's Herald
Rs- 160/month
People's Herald



"ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610
ਪਟਿਆਲਾ
"Equality and Justice"
स्वतंत्रता, समानता, भाईचारा
PATIALA On line paper 25 ਜਨਵਰੀ 2026 ਐਤਵਾਰ "ਰੋਜ਼ਾਨਾ" ਪੰਜਵਾ ਸਾਲ w.e.f. 15 August 2022 ਪਟਿਆਲਾ
ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

ਭਾਰਤ ਨੂੰ ਲੋੜੀਂਦੇ 71 ਭਗੌੜੇ ਵਿਦੇਸ਼ਾਂ ਵਿਚ : ਸਰਕਾਰੀ ਰੀਪੋਰਟ

ਦੂਜੇ ਦੇਸ਼ਾਂ ਵਲੋਂ ਲੋੜੀਂਦੇ 203 ਭਗੌੜੇ ਭਾਰਤ ਵਿਚ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਨਵੀਂ ਦਿੱਲੀ : ਭਾਰਤ ਨੂੰ ਲੋੜੀਂਦੇ 71 ਭਗੌੜੇ 2024-25 ਦੌਰਾਨ ਵਿਦੇਸ਼ਾਂ 'ਚ ਸਨ। ਇਸੇ ਸਮੇਂ ਦੌਰਾਨ ਦੂਜੇ ਦੇਸ਼ਾਂ ਵਲੋਂ ਲੋੜੀਂਦੇ 203 ਭਗੌੜਿਆਂ ਦਾ ਭਾਰਤ ਵਿਚ ਪਤਾ ਲਗਾਇਆ ਗਿਆ। ਪਰਸੋਨਲ, ਲੋਕ ਸ਼ਿਕਾਇਤਾਂ ਅਤੇ ਪੈਨਸ਼ਨ ਮੰਤਰਾਲੇ ਦੀ ਸਾਲਾਨਾ ਰੀਪੋਰਟ 'ਚ ਇਹ ਪ੍ਰਗਟਾਵਾ ਹੋਇਆ ਹੈ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਵਿਦੇਸ਼ਾਂ ਵਿਚ ਸਥਿਤ ਅਜਿਹੇ ਲੋੜੀਂਦੇ ਭਗੌੜਿਆਂ ਦੀ ਗਿਣਤੀ ਇਕ ਦਹਾਕੇ ਤੋਂ ਵੱਧ ਸਮੇਂ ਵਿਚ ਸੱਭ ਤੋਂ ਵੱਧ ਹੈ।

ਮੰਤਰਾਲੇ ਦੀ ਸਾਲ 2024-25 ਦੀ ਸਾਲਾਨਾ ਰੀਪੋਰਟ 'ਚ ਕਿਹਾ ਗਿਆ ਹੈ ਕਿ ਪਿਛਲੇ ਵਿੱਤੀ ਸਾਲ 'ਚ ਵਿਦੇਸ਼ਾਂ ਤੋਂ ਕੁਲ 27 ਭਗੌੜੇ/ਲੋੜੀਂਦੇ ਵਿਅਕਤੀਆਂ ਨੂੰ ਭਾਰਤ ਵਾਪਸ ਲਿਆਂਦਾ ਗਿਆ ਹੈ। ਇਸ ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਕੰਮਕਾਜ ਬਾਰੇ ਵੀ ਜਾਣਕਾਰੀ ਦਿਤੀ ਗਈ, ਜੋ ਕਿ ਭਾਰਤ ਵਿਚ ਇੰਟਰਪੋਲ ਲਈ ਨੋਡਲ ਪੁਆਇੰਟ ਕੌਮੀ ਕੇਂਦਰੀ ਬਿਊਰੋ (ਐਨ.ਸੀ.ਬੀ.) ਵਜੋਂ ਕੰਮ ਕਰਦਾ ਹੈ।

ਰੀਪੋਰਟ ਵਿਚ ਕਿਹਾ ਗਿਆ ਹੈ ਕਿ ਅਪ੍ਰੈਲ, 2024 ਤੋਂ ਮਾਰਚ, 2025 ਦੀ ਮਿਆਦ ਦੌਰਾਨ, 74 ਲੈਟਰ ਰੋਗੇਟਰੀ (ਐਲ.ਆਰ.) ਵਿਦੇਸ਼ਾਂ ਵਿਚ ਭੇਜੇ ਗਏ ਸਨ, ਜਿਨ੍ਹਾਂ 'ਚੋਂ 54 ਸੀ.ਬੀ.ਆਈ. ਕੇਸਾਂ ਨਾਲ ਸਬੰਧਤ ਸਨ ਅਤੇ 20 ਰਾਜ ਦੇ ਕਾਨੂੰਨ ਲਾਗੂ ਕਰਨ ਵਾਲੇ ਅਤੇ ਹੋਰ ਕੇਂਦਰੀ ਏਜੰਸੀਆਂ ਨਾਲ ਸਬੰਧਤ ਸਨ। ਲੈਟਰਸ ਰੋਗੇਟਰੀ ਵਿਦੇਸ਼ਾਂ ਦੇ ਅਧਿਕਾਰੀਆਂ ਨੂੰ ਭਾਰਤੀ ਜਾਂਚ ਏਜੰਸੀਆਂ ਵਲੋਂ ਕੀਤੀ ਜਾ ਰਹੀ ਜਾਂਚ ਵਿਚ ਸਹਿਯੋਗ ਲੈਣ ਲਈ ਇਕ ਨਿਆਂਇਕ ਬੇਨਤੀ ਹੈ। ਸੀ.ਬੀ.ਆਈ. ਸਮੇਤ ਭਾਰਤੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਉਕਤ ਮਿਆਦ ਦੌਰਾਨ 47 ਐੱਲ.ਆਰ. ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿਤਾ ਗਿਆ ਸੀ ਅਤੇ 29 ਨੂੰ ਅੰਸ਼ਕ ਤੌਰ ਉਤੇ ਲਾਗੂ ਕਰਨ ਉਤੇ ਬੰਦ/ਵਾਪਸ ਲੈ ਲਿਆ ਗਿਆ ਸੀ।

ਬਾਕੀ ਖਬਰ ਸਫਾ 3 ਤੇ

* * *

ਸਰਹੰਦ ਵਿਖੇ ਰੇਲਵੇ ਲਾਈਨ ਤੇ RDX ਧਮਾਕਾ ਪੰਜਾਬ ਦੀ ਅਮਨ ਸ਼ਾਂਤੀ ਲਈ ਵੱਡਾ ਖ਼ਤਰਾ - ਅਵਤਾਰ ਕਰੀਮਪੁਰੀ।

ਭਗਵੰਤ ਮਾਨ ਸਰਕਾਰ ਹਰ ਫਰੰਟ ਤੇ ਫੇਲ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ ਜਗਤਾਰ ਸਿੰਘ ਭੱਟੀ --ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਪ੍ਰਧਾਨ ਅਤੇ ਕੇਂਦਰੀ ਇੰਚਾਰਜ ਚੰਡੀਗੜ੍ਹ, ਸਾਬਕਾ ਮੈਂਬਰ ਪਾਰਲੀਮੈਂਟ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸਰਹੰਦ ਨੇੜੇ ਰੇਲਵੇ ਲਾਈਨ ਤੇ ਹੋਏ RDX ਧਮਾਕੇ ਤੇ ਡੂੰਘੀ ਚਿੰਤਾ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਪੰਜਾਬ ਵਿੱਚ ਦਹਾਕਿਆਂ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਸਥਾਪਿਤ ਹੋਈ ਸ਼ਾਂਤੀ ਨੂੰ ਲਾਂਬੂ ਲਾਉਣ ਦੀ ਇੱਕ ਸਾਜ਼ਿਸ਼ ਹੈ ਅਤੇ ਮੌਜੂਦਾ ਸਰਕਾਰ ਦੀ ਨਾਕਾਮੀ ਦਾ ਸਪੱਸ਼ਟ ਸਬੂਤ ਹੈ। ਉਨ੍ਹਾਂ ਕਿਹਾ ਕਿ ਇਹ ਧਮਾਕਾ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵਿਚ ਢਹਿ ਢੇਰੀ ਹੋ ਚੁੱਕੀ ਕਨੂੰਨ ਵਿਵਸਥਾ ਦਾ ਪ੍ਰਤੱਖ ਪ੍ਰਮਾਣ ਹੈ। ਗਣਤੰਤਰ ਦਿਵਸ ਤੋਂ ਮਹਿਜ਼ ਦੋ ਦਿਨ ਪਹਿਲਾਂ ਅਜਿਹੀ ਘਟਨਾ ਵਾਪਰਨਾ ਸਰਕਾਰ ਦੇ ਸੁਰੱਖਿਆ ਦੇ ਦਾਅਵਿਆਂ ਦੀ ਫੂਕ ਕੱਢਦਾ ਹੈ ਉਨ੍ਹਾਂ ਯਾਦ ਕਰਵਾਇਆ ਕਿ ਸਰਕਾਰ ਦੇ ਕਾਰਜਕਾਲ ਦੌਰਾਨ ਮੁਹਾਲੀ ਦੇ ਇੰਟੈਲੀਜੈਂਸ ਅਤੇ ਤਰਨਤਾਰਨ ਵਿਚ ਪੁਲਿਸ ਥਾਣੇ ਹਮਲੇ ਹੋ ਚੁਕੇ ਹਨ। ਸਰਕਾਰ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ।

ਡਾਕਟਰ ਕਰੀਮਪੁਰੀ ਨੇ ਸਖ਼ਤ ਲਹਿਜੇ ਵਿਚ ਕਿਹਾ ਕਿ ਜੇਕਰ ਮੁੱਖ ਮੰਤਰੀ ਪੰਜਾਬੀਆਂ ਦੇ ਜਾਨ ਮਾਲ ਦੀ ਰਾਖੀ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਸਮਝਣ ਲੈਣਾ ਚਾਹੀਦਾ ਹੈ ਕਿ ਉਹ ਆਪਣੇ ਜ਼ਿੰਮੇਵਾਰੀ ਨਿਭਾਉਣ ਚ ਅਸਫਲ ਹਨ।

ਬਸਪਾ ਆਗੂ ਨੇ ਚਿਤਾਵਨੀ ਦਿੱਤੀ ਕਿ ਅਜਿਹੀਆਂ ਘਟਨਾਵਾਂ ਪੰਜਾਬੀਆਂ ਨੂੰ ਮੁੜਦੇ ਉਸ ਕਾਲੇ ਦੌਰ ਦੀ ਯਾਦ ਦਿਵਾ ਰਹੀਆਂ ਹਨ ਜਿਸ ਵਿਚੋਂ ਸੂਬਾ ਬੜੀ ਮੁਸ਼ਕਲ ਨਾਲ ਨਿਕਲਿਆ ਹੈ। ਉਨ੍ਹਾਂ ਜ਼ਖਮੀਆਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕੀਤੀ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

ਡਾ. ਕਰੀਮਪੁਰੀ ਨੇ ਅਖੀਰ ਵਿੱਚ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮੁਹਿੰਮ ਪੰਜਾਬ ਦੀ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਬਚਨਬੱਧ ਹੈ ਅਤੇ ਸਰਕਾਰ ਦੀ ਇਸ ਲਾਪਰਵਾਹੀ ਵਿਰੁੱਧ ਜਨਤਾ ਦੀ ਆਵਾਜ਼ ਬੁਲੰਦ ਕਰਦੀ ਰਹੇਗੀ।

* * *

26 ਜਨਵਰੀ ਤੋਂ ਪਹਿਲਾਂ ਸਰਹੰਦ ਨੇੜੇ ਦਿੱਲੀ-ਅੰਮ੍ਰਿਤਸਰ ਰੇਲਵੇ ਟਰੈਕ ਉਡਾਉਣ ਦੀ ਕੋਸ਼ਿਸ਼

ਰੇਲ ਟਰੈਕ ਦਾ 600 ਮੀਟਰ ਹਿੱਸਾ ਨੁਕਸਾਨਿਆ, ਮਾਲਗੱਡੀ ਦਾ ਡਰਾਈਵਰ ਜ਼ਖ਼ਮੀ, ਹਾਲਤ ਖ਼ਤਰੇ ਤੋਂ ਬਾਹਰ, ਰੇਲਵੇ ਟਰੈਕ ਦੀ ਮੁਰੰਮਤ ਮਗਰੋਂ ਆਵਾਜਾਈ ਬਹਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਨੇ ਸ਼ੁੱਕਰਵਾਰ ਰਾਤੀਂ 9:50 ਵਜੇ ਦੇ ਕਰੀਬ ਸਰਹਿੰਦ ਰੇਲਵੇ ਸਟੇਸ਼ਨ ਨਜ਼ਦੀਕ ਦਿੱਲੀ'ਅੰਮ੍ਰਿਤਸਰ ਮੁੱਖ ਰੇਲਵੇ ਟਰੈਕ ਨੂੰ ਉਡਾਉਣ ਦੀ ਕੋਸ਼ਿਸ਼ ਕੀਤੀ। ਸ਼ੁਰੂਆਤੀ ਜਾਂਚ ਵਿਚ ਵਿਸਫੋਟਕਾਂ ਦੇ ਇਸਤੇਮਾਲ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

ਰੇਲਵੇ ਪੋਲ ਨੰਬਰ 1208 'ਤੇ ਪਿੰਡ ਕਾਲਪੁਰ ਨੇੜੇ ਮੁੱਖ ਲਾਈਨ 'ਤੇ ਧਮਾਕਾ ਹੋਇਆ ਅਤੇ ਵਿਸਫੋਟਕਾਂ ਦੀ ਵਰਤੋਂ ਕਰਕੇ 600 ਮੀਟਰ ਰੇਲਵੇ ਟਰੈਕ ਨੂੰ ਨੁਕਸਾਨ ਪਹੁੰਚਿਆ। ਖੁਸ਼ਕਿਸਮਤੀ ਨਾਲ ਉਸ ਸਮੇਂ ਕੋਈ ਯਾਤਰੀ ਰੇਲਗੱਡੀ ਨਹੀਂ ਲੰਘੀ ਪਰ ਇੱਕ ਮਾਲ ਗੱਡੀ ਦਾ ਇੰਜਣ ਲੀਹੋਂ ਲੱਥ ਗਿਆ। ਹਾਦਸੇ ਵਿਚ ਮਾਲ ਗੱਡੀ ਦਾ ਡਰਾਈਵਰ ਜ਼ਖ਼ਮੀ ਹੋ ਗਿਆ।

ਇਸ ਘਟਨਾ ਤੋਂ ਫੌਰੀ ਮਗਰੋਂ ਰੇਲਵੇ ਅਧਿਕਾਰੀ ਹਰਕਤ ਵਿੱਚ ਆ ਗਏ। ਰੇਲਵੇ ਟਰੈਕ ਦੀ ਮੁਰੰਮਤ ਮਗਰੋਂ ਆਵਾਜਾਈ ਬਹਾਲ ਕਰ ਦਿੱਤੀ ਗਈ। ਪੁਲੀਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਰਾਤ 1 ਵਜੇ ਦੇ ਕਰੀਬ ਉਨ੍ਹਾਂ ਨੇ ਧਮਾਕੇ ਦੀ ਆਵਾਜ਼ ਸੁਣੀ।

ਵੱਡੀ ਗਿਣਤੀ ਵਿੱਚ ਪੁਲੀਸ ਸਰਹਿੰਦ ਰੇਲਵੇ ਸਟੇਸ਼ਨ 'ਤੇ ਪਹੁੰਚ ਗਈ ਹੈ। ਜ਼ਖਮੀ ਡਰਾਈਵਰ ਦੀ ਪਛਾਣ ਅਨਿਲ ਸ਼ਰਮਾ ਵਜੋਂ ਦੱਸੀ ਗਈ ਹੈ ਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਅਤਿਵਾਦੀ ਹਮਲਾ ਕਹਿਣਾ ਜਲਦਬਾਜ਼ੀ, ਜਾਂਚ ਜਾਰੀ:ਡੀਆਈਜੀ

ਰੋਪੜ ਰੇਂਜ ਦੇ ਡੀਆਈਜੀ ਨਾਨਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ ਨੂੰ ਰੇਲਵੇ ਟਰੈਕ 'ਤੇ ਧਮਾਕੇ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਵੱਖ-ਵੱਖ ਟੀਮਾਂ ਨੂੰ ਘਟਨਾ ਸਥਾਨ 'ਤੇ ਭੇਜਿਆ ਗਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ। ਸਾਰੀਆਂ ਸਬੰਧਤ ਏਜੰਸੀਆਂ ਇਸ ਸਮੇਂ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਧਮਾਕਾ ਰਾਤ 9:50 ਵਜੇ ਦੇ ਕਰੀਬ ਹੋਇਆ। ਇਸ ਘਟਨਾ ਵਿੱਚ ਇੱਕ ਮਾਲ ਗੱਡੀ ਦਾ ਡਰਾਈਵਰ ਜ਼ਖਮੀ ਹੋ ਗਿਆ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਰੇਲਵੇ ਟਰੈਕ ਅਤੇ ਆਲੇ-ਦੁਆਲੇ ਦੇ ਖੇਤਰ ਦਾ ਮੁਆਇਨਾ ਕੀਤਾ ਗਿਆ ਹੈ, ਜਦੋਂ ਕਿ ਫੋਰੈਂਸਿਕ ਅਤੇ ਹੋਰ ਤਕਨੀਕੀ ਟੀਮਾਂ ਵੀ ਸਬੂਤ ਇਕੱਠੇ ਕਰ ਰਹੀਆਂ ਹਨ।ਡੀਆਈਜੀ ਨੇ ਸਪੱਸ਼ਟ ਕੀਤਾ ਕਿ ਇਸ ਘਟਨਾ ਨੂੰ ਅਤਿਵਾਦੀ ਹਮਲਾ ਕਹਿਣਾ ਜਲਦਬਾਜ਼ੀ ਹੋਵੇਗੀ। ਸ਼ੁਰੂ ਵਿੱਚ, ਇਸ ਨੂੰ ਇੱਕ ਅਪਰਾਧਿਕ ਘਟਨਾ ਮੰਨਿਆ ਜਾ ਰਿਹਾ ਹੈ, ਪਰ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ। ਪੁਲੀਸ ਨੇ ਕਿਹਾ ਕਿ ਧਮਾਕੇ ਦੇ ਕਾਰਨਾਂ ਅਤੇ ਜ਼ਿੰਮੇਵਾਰਾਂ ਬਾਰੇ ਅਧਿਕਾਰਤ ਜਾਣਕਾਰੀ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਘਟਨਾ ਤੋਂ ਬਾਅਦ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ, ਅਤੇ ਰੇਲਵੇ ਅਤੇ ਪੁਲੀਸ ਪ੍ਰਸ਼ਾਸਨ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ

* * *

ਹਾਦਸੇ ਦੌਰਾਨ ਸ਼ਹੀਦ ਹੋਣ ਵਾਲੇ ਜੋਬਨਜੀਤ ਦੇ ਪਰਿਵਾਰ ਨੂੰ ਦਿੱਤੀ ਜਾਵੇਗੀ ਹਰ ਸੰਭਵ ਮਦਦ : ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ : ਬੀਤੇ ਦਿਨੀ ਜੰਮੂ ਕਸ਼ਮੀਰ 'ਚ ਹਾਦਸੇ ਦੌਰਾਨ ਸ਼ਹੀਦ ਹੋਏ ਜੋਬਨਜੀਤ ਸਿੰਘ ਦੀ ਮੌਤ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਦੁੱਖ ਪ੍ਰਗਟ ਕੀਤਾ ਗਿਆ ਹੈ। ਉਨ੍ਹਾਂ ਇਕ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਕੇ ਕਿਹਾ ਕਿ ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਡੋਡਾ ਵਿਖੇ ਜਵਾਨਾਂ ਨਾਲ ਭਰੀ ਬੱਸ ਡੂੰਘੀ ਖੱਡ ਵਿਚ ਡਿੱਗਣ ਨਾਲ 10 ਬਹਾਦਰ ਜਵਾਨ ਸ਼ਹੀਦ ਹੋ ਗਏ ਸਨ। ਉਨ੍ਹਾਂ ਸ਼ਹੀਦਾਂ ਵਿਚ ਜ਼ਿਲ੍ਹਾ ਰੋਪੜ ਦੇ ਪਿੰਡ ਚਨੌਲੀ ਦੇ 23 ਸਾਲ ਦਾ ਨੌਜਵਾਨ ਜੋਬਨਜੀਤ ਸਿੰਘ ਦੇ ਵੀ ਸ਼ਹੀਦ ਹੋਣ ਦੀ ਦੁਖਦ ਖ਼ਬਰ ਮਿਲੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੇਰੀ ਪਰਿਵਾਰ ਨਾਲ ਦਿਲੋਂ ਹਮਦਰਦੀ ਹੈ । ਉਨ੍ਹਾਂ ਕਿਹਾ ਕਿ ਸ਼ਹੀਦ ਜਵਾਨ ਦੇ ਦੇਸ਼ ਪ੍ਰਤੀ ਹੌਸਲੇ ਨੂੰ ਸਲਾਮ ਕਰਦੇ ਹਾਂ। ਇਸ ਔਖੀ ਘੜੀ ਵਿਚ ਪੰਜਾਬ ਸਰਕਾਰ ਸ਼ਹੀਦ ਦੇ ਪਰਿਵਾਰ ਨਾਲ ਖੜੀ ਹੈ

ਅਤੇ ਸ਼ਹੀਦ ਜੋਬਨਜੀਤ ਸਿੰਘ ਦੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਨੂੰ ਦਿੱਤੀ ਜਾਵੇਗੀ।

ਲੁਧਿਆਣਾ ਵਿੱਚ ਚੀਨੀ ਡੋਰ ਨਾਲ ਵਿਦਿਆਰਥੀ ਦਾ ਵੱਢਿਆ ਗਿਆ ਗਲਾ: ਹਸਪਤਾਲ ਵਿੱਚ ਹੋਈ ਮੌਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਸ਼ਨੀਵਾਰ ਨੂੰ ਲੁਧਿਆਣਾ ਵਿੱਚ ਇੱਕ ਵਿਦਿਆਰਥੀ ਦਾ ਚੀਨੀ ਡੋਰ ਨਾਲ ਗਲਾ ਵੱਢਿਆ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਹ ਆਪਣੇ ਮੋਟਰਸਾਈਕਲ 'ਤੇ ਸਕੂਲ ਤੋਂ ਘਰ ਪਰਤ ਰਿਹਾ ਸੀ। ਇਹ ਹਾਦਸਾ ਸਮਰਾਲਾ ਬਾਈਪਾਸ ਨੇੜੇ ਵਾਪਰਿਆ। ਖੂਨ ਨਾਲ ਲੱਥਪਥ ਵਿਦਿਆਰਥੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਮ੍ਰਿਤਕ ਵਿਦਿਆਰਥੀ ਦਾ ਨਾਮ ਤਰਨਜੋਤ ਸਿੰਘ ਹੈ, ਜੋ ਕਿ 10ਵੀਂ ਜਮਾਤ ਦਾ ਵਿਦਿਆਰਥੀ ਸੀ। ਤਰਨਜੋਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਰਾਉਲੇ ਪਿੰਡ ਦਾ ਰਹਿਣ ਵਾਲਾ ਸੀ।

……

ਬਰਨਾਲਾ ਵਿੱਚ ਬੇਅਦਬੀ ਦੇ ਦੋਸ਼ ਵਿੱਚ ਤਿੰਨ ਜਣੇ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਪੁਲਿਸ ਨੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਠੀਕਰੀਵਾਲਾ ਵਿੱਚ ਗੁਟਕਾ ਸਾਹਿਬ ਬੇਅਦਬੀ ਮਾਮਲੇ ਵਿੱਚ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਘਟਨਾ ਪਿੰਡ ਦੀ ਗੁਰਦੁਆਰਾ ਕਮੇਟੀ ਨਾਲ ਦੁਸ਼ਮਣੀ ਕਾਰਨ ਹੋਈ ਸੀ। ਬਰਨਾਲਾ ਦੇ ਡੀਐਸਪੀ ਸਤਵੀਰ ਸਿੰਘ ਬੈਂਸ ਅਤੇ ਸਦਰ ਥਾਣੇ ਦੇ ਐਸਐਚਓ ਜਗਜੀਤ ਸਿੰਘ ਨੇ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਘਟਨਾ ਦੇ ਦੋ ਮੁਲਜ਼ਮਾਂ, ਠੀਕਰੀਵਾਲਾ ਦੇ ਰਹਿਣ ਵਾਲੇ ਜਗਵੀਰ ਸਿੰਘ ਅਤੇ ਉਸਦੇ ਰਿਸ਼ਤੇਦਾਰ ਰਣਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਗਵੀਰ ਸਿੰਘ ਬੋਲਣ ਅਤੇ ਸੁਣਨ ਤੋਂ ਅਸਮਰੱਥ ਹੈ।

ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸਿਰਫ਼ ਜਗਵੀਰ ਸਿੰਘ ਦਾ ਚਾਚਾ ਕੁਲਦੀਪ ਸਿੰਘ ਹੀ ਉਸਨੂੰ ਸਮਝ ਸਕਦਾ ਸੀ ਅਤੇ ਸਮਝਾ ਸਕਦਾ ਸੀ। ਹੋਰ ਜਾਂਚ ਵਿੱਚ ਪਤਾ ਲੱਗਾ ਹੈ ਕਿ ਕੁਲਦੀਪ ਸਿੰਘ ਪਿੰਡ ਦੀ ਸਹਿਕਾਰੀ ਸਭਾ ਦਾ ਮੈਂਬਰ ਹੈ। ਹਾਲ ਹੀ ਵਿੱਚ, ਕਮੇਟੀ ਵੱਲੋਂ ਪੂਰੀ ਗੁਰਦੁਆਰਾ ਕਮੇਟੀ ਨੂੰ ਸਨਮਾਨਿਤ ਕੀਤਾ ਗਿਆ ਸੀ, ਪਰ ਕੁਲਦੀਪ ਸਿੰਘ ਨੂੰ ਸਨਮਾਨਿਤ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ, ਮੁਲਜ਼ਮ ਦਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨਾਲ ਝਗੜਾ ਸੀ। ਇਸ ਦੁਸ਼ਮਣੀ ਨੇ ਕੁਲਦੀਪ ਸਿੰਘ ਨੂੰ ਗੁਰਦੁਆਰਾ ਕਮੇਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ। ਡੀਐਸਪੀ ਨੇ ਦੱਸਿਆ ਕਿ ਦੋਸ਼ੀ ਕੁਲਦੀਪ ਸਿੰਘ ਨੇ ਇਸ ਘਟਨਾ ਨੂੰ ਅੰਜਾਮ ਦੇਣ ਲਈ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਵਾਲੇ ਦਿਨ ਨੂੰ ਚੁਣਿਆ।

ਉਸਨੇ ਆਪਣੇ ਭਤੀਜੇ ਜਗਵੀਰ ਸਿੰਘ ਅਤੇ ਉਸਦੇ ਰਿਸ਼ਤੇਦਾਰ ਦੇ ਪੁੱਤਰ ਰਣਦੀਪ ਸਿੰਘ ਨੂੰ ਗੁਟਕਾ ਸਾਹਿਬ ਦੇ ਪਵਿੱਤਰ ਅੰਗ ਵੱਖ-ਵੱਖ ਥਾਵਾਂ 'ਤੇ ਖਿਲਾਰਨ ਲਈ ਕਿਹਾ। ਡੀਐਸਪੀ ਨੇ ਦੱਸਿਆ ਕਿ ਮੁੱਖ ਦੋਸ਼ੀ ਨਿੱਜੀ ਦੁਸ਼ਮਣੀ ਕਾਰਨ ਬਰਸੀ ਸਮਾਗਮ ਦੌਰਾਨ ਪੰਜਾਬ ਪੱਧਰ 'ਤੇ ਗੁਰਦੁਆਰਾ ਕਮੇਟੀ ਦੀ ਬਦਨਾਮੀ ਕਰਨਾ ਚਾਹੁੰਦਾ ਸੀ, ਪਰ ਪਿੰਡ ਵਾਸੀਆਂ ਦੀ ਸਿਆਣਪ ਕਾਰਨ ਇੱਕ ਵੱਡਾ ਵਿਵਾਦ ਟਲ ਗਿਆ। ਉਸਨੇ ਪੁਸ਼ਟੀ ਕੀਤੀ ਕਿ ਤਿੰਨੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਹੋਰ ਜਾਂਚ ਜਾਰੀ ਹੈ।

……

ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਸ੍ਰੀ ਹਜ਼ੂਰ ਸਾਹਿਬ: ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨਾਲ ਸੰਬੰਧਤ ਸਮਾਗਮਾਂ ਦੀ ਅੱਜ ਸ਼ੁਰੂਆਤ ਹੋ ਗਈ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਵੀ ਸ੍ਰੀ ਹਜ਼ੂਰ ਸਾਹਿਬ ਪਹੁੰਚੇ ਅਤੇ ਨਤਮਸਤਕ ਹੋਏ। ਇਸ ਮੌਕੇ ਉਨਾਂ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਇਸ ਮੌਕੇ ਮੁੱਖ ਮੰਤਰੀ ਮਾਨ ਨੇ ਕਿਹਾ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਲਿਆ ਹੈ।ਉਨਾਂ ਨੇ ਕਿਹਾ ਹੈ ਕਿ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਿਤਾਂ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ। ਮੁੱਖ ਮੰਤਰੀ ਨੇ ਕਿਹਾ ਹੈ ਕਿ ਇਹ ਸਮਾਗਮ ਪਾਰਟੀਬਾਜ਼ੀ ਤੋਂ ਉੱਤੇ ਉੱਠ ਕੇ ਹੈ। ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਸਾਹਿਬ ਨੇ ਸਾਰੀ ਮਾਨਵਤਾ ਲਈ ਸ਼ਹਾਦਤ ਦਿੱਤੀ ਹੈ

……

ਪਿੰਡ ਖਿੱਲਣ ਦੀ ਸਾਬਕਾ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਮਾਨਸਾ: ਮਾਨਸਾ ਦੇ ਨੇੜਲੇ ਪਿੰਡ ਖਿੱਲਣ ਦੀ ਸਾਬਕਾ ਸਰਪੰਚ ਮਹਿੰਦਰਜੀਤ ਕੌਰ (40) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਖੇਤ 'ਚ ਕਿਸੇ ਨੇ ਇੱਟਾਂ ਦਾ ਮਲਬਾ ਸੁੱਟ ਦਿੱਤਾ ਸੀ, ਜਿਸ ਦੀ ਸ਼ਿਕਾਇਤ ਪੁਲਿਸ ਨੂੰ ਵੀ ਕੀਤੀ ਗਈ ਸੀ। ਸਾਬਕਾ ਸਰਪੰਚ ਜੋ ਪਰਿਵਾਰ ਸਮੇਤ ਬੁਢਲਾਡਾ ਵਿਖੇ ਰਹਿੰਦੇ ਹਨ, ਅੱਜ ਖੇਤ ਦਾ ਗੇੜਾ ਮਾਰਨ ਆਏ ਸਨ, ਨੂੰ ਸ਼ਰੀਕੇਬਾਜ਼ੀ 'ਚ ਰੰਜਸ਼ ਦੇ ਚੱਲਦਿਆਂ ਮੌਤ ਦੇ ਘਾਟ ਉਤਾਰ ਦਿੱਤਾ।

ਬੂਟਾ ਸਿੰਘ ਗਿੱਲ ਡੀ. ਐਸ. ਪੀ. ਸਬ ਡਵੀਜ਼ਨ ਮਾਨਸਾ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਮ੍ਰਿਤਕਾ ਦੇ ਪਤੀ ਮਨਪ੍ਰੀਤ ਸਿੰਘ ਦੇ ਬਿਆਨਾਂ 'ਤੇ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਦੀ ਪਹਿਚਾਣ ਕਰ ਲਈ ਗਈ ਹੈ, ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ

ਖੇਤੀ ਵੀ ਆਮਦਨ ਹੈ, ਖੇਤੀ ਆਮਦਨ ਨੂੰ ਨਜ਼ਰਅੰਦਾਜ਼ ਕਰਨਾ ਗਲਤ : ਹਾਈ ਕੋਰਟ

ਸੜਕ ਹਾਦਸੇ 'ਚ ਜਾਨ ਗਵਾਉਣ ਵਾਲੇ ਜਗਰਾਜ ਸਿੰਘ ਦੇ ਮਾਮਲੇ 'ਚ ਮੁਆਵਜ਼ਾ ਵਧਾ ਕੇ 78.92 ਲੱਖ ਰੁਪਏ ਕੀਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ : ਸੜਕ ਹਾਦਸੇ ਵਿੱਚ ਮਾਰੇ ਗਏ ਜਗਰਾਜ ਸਿੰਘ ਦੀ ਪਤਨੀ ਅਨੰਤਪਾਲ ਕੌਰ ਨੂੰ ਵੱਡੀ ਰਾਹਤ ਦਿੰਦੇ ਹੋਏ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੋਟਰ ਐਕਸੀਡੈਂਟ ਕਲੇਮਜ਼ ਟ੍ਰਿਬਿਊਨਲ, ਬਰਨਾਲਾ ਦੇ ਹੁਕਮ ਵਿੱਚ ਸੋਧ ਕੀਤੀ ਹੈ, ਜਿਸ ਨਾਲ ਮੁਆਵਜ਼ਾ ਰਾਸ਼ੀ 21,33,668 ਵਧ ਗਈ ਹੈ। ਜਸਟਿਸ ਸੁਦੀਪਤੀ ਸ਼ਰਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਟ੍ਰਿਬਿਊਨਲ ਵੱਲੋਂ ਮ੍ਰਿਤਕ ਦੀ ਖੇਤੀਬਾੜੀ ਆਮਦਨ ਦੀ ਅਣਦੇਖੀ ਕਾਨੂੰਨ ਅਤੇ ਸਬੂਤ ਦੋਵਾਂ ਦੇ ਉਲਟ ਸੀ, ਕਿਉਂਕਿ ਆਮਦਨ ਕਰ ਰਿਟਰਨਾਂ ਅਤੇ ਰਿਕਾਰਡ 'ਤੇ ਜ਼ਮੀਨੀ ਰਿਕਾਰਡਾਂ ਨੇ ਇਹ ਸਥਾਪਿਤ ਕੀਤਾ ਹੈ ਕਿ ਮ੍ਰਿਤਕ ਨਿਯਮਿਤ ਤੌਰ 'ਤੇ ਖੇਤੀ ਤੋਂ ਆਮਦਨ ਕਮਾ ਰਿਹਾ ਸੀ। ਇਹ ਮਾਮਲਾ 22 ਅਗਸਤ, 2022 ਨੂੰ ਵਾਪਰੇ ਇੱਕ ਸੜਕ ਹਾਦਸੇ ਨਾਲ ਸਬੰਧਤ ਹੈ, ਜਿਸ ਵਿੱਚ 31 ਸਾਲਾ ਜਗਰਾਜ ਸਿੰਘ ਦੀ ਮੌਤ ਹੋ ਗਈ ਸੀ। ਜਗਰਾਜ ਸਿੰਘ ਬਠਿੰਡਾ ਸਥਿਤ ਇੱਕ ਕੰਪਨੀ ਵਿੱਚ ਕਲੱਸਟਰ ਅਫਸਰ ਵਜੋਂ ਕੰਮ ਕਰਦਾ ਸੀ, ਅਤੇ ਉਸਦੀ ਪਤਨੀ, ਅਨੰਤਪਾਲ ਕੌਰ, ਨੇ ਮੋਟਰ ਵਾਹਨ ਐਕਟ ਦੀ ਧਾਰਾ 166 ਦੇ ਤਹਿਤ ਮੁਆਵਜ਼ਾ ਦਾਅਵਾ ਦਾਇਰ ਕੀਤਾ ਸੀ।

7 ਦਸੰਬਰ, 2023 ਨੂੰ, ਮੋਟਰ ਐਕਸੀਡੈਂਟ ਕਲੇਮਜ਼ ਟ੍ਰਿਬਿਊਨਲ ਨੇ ਉਸ ਨੂੰ 57,59,096 ਦਾ ਮੁਆਵਜ਼ਾ 9% ਵਿਆਜ ਨਾਲ ਦਿੱਤਾ। ਹਾਲਾਂਕਿ ਪਤਨੀ ਨੇ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਕਿ ਉਸਦੇ ਪਤੀ ਦੀ ਅਸਲ ਆਮਦਨ ਨੂੰ ਘੱਟ ਅੰਦਾਜ਼ਾ ਲਗਾਇਆ ਗਿਆ ਹੈ, ਜਿਸ ਦੇ ਨਤੀਜੇ ਵਜੋਂ ਮੁਆਵਜ਼ਾ ਘੱਟ ਹੋਇਆ। ਪਤਨੀ ਨੇ ਹਾਈ ਕੋਰਟ ਦੇ ਸਾਹਮਣੇ ਇੱਕ ਤਨਖਾਹ ਸਰਟੀਫਿਕੇਟ ਪੇਸ਼ ਕੀਤਾ, ਜਿਸ ਵਿੱਚ ਮ੍ਰਿਤਕ ਦੀ ਮਾਸਿਕ ਤਨਖਾਹ 29,447 ਦਿਖਾਈ ਗਈ। ਇਸ ਤੋਂ ਇਲਾਵਾ, ਉਸਨੇ ਆਪਣੀ 2016-17 ਦੀ ਜਮ੍ਹਾਂਬੰਦੀ ਅਤੇ 2019-20 ਦੀ ਆਮਦਨ ਟੈਕਸ ਰਿਟਰਨ ਵੀ ਦਾਇਰ ਕੀਤੀ, ਜਿਸ ਵਿੱਚ ਖੇਤੀਬਾੜੀ ਆਮਦਨ 125,000 ਦਿਖਾਈ ਗਈ । ਇਸ ਦੇ ਬਾਵਜੂਦ, ਟ੍ਰਿਬਿਊਨਲ ਸਿਰਫ਼ ਤਨਖਾਹ 'ਤੇ ਨਿਰਭਰ ਸੀ ਅਤੇ ਖੇਤੀ ਤੋਂ ਆਮਦਨ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ।

ਸੁਪਰੀਮ ਕੋਰਟ ਦੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ, ਹਾਈ ਕੋਰਟ ਨੇ ਕਿਹਾ ਕਿ ਖੇਤੀ ਤੋਂ ਆਮਦਨ ਸਿਰਫ਼ ਜ਼ਮੀਨ ਤੋਂ ਨਹੀਂ ਆਉਂਦੀ, ਸਗੋਂ ਮ੍ਰਿਤਕ ਦੀ ਨਿਗਰਾਨੀ, ਪ੍ਰਬੰਧਨ ਅਤੇ ਕਿਰਤ ਵੀ ਸ਼ਾਮਲ ਹੁੰਦੀ ਹੈ, ਅਤੇ ਉਸਦੀ ਮੌਤ 'ਤੇ, ਪਰਿਵਾਰ ਇਸ ਪ੍ਰਬੰਧਨ ਸਮਰੱਥਾ ਨੂੰ ਗੁਆ ਦਿੰਦਾ ਹੈ। ਇਸ ਦੇ ਆਧਾਰ 'ਤੇ, ਅਦਾਲਤ ਨੇ ਪੰਜਾਬ ਵਿੱਚ ਇੱਕ ਹੁਨਰਮੰਦ ਕਾਮੇ ਲਈ ਘੱਟੋ-ਘੱਟ ਉਜਰਤ, 11,220 ਰੁਪਏ ਪ੍ਰਤੀ ਮਹੀਨਾ, ਮ੍ਰਿਤਕ ਦੀ ਮਹੀਨਾਵਾਰ ਤਨਖਾਹ ਵਿੱਚ ਜੋੜ ਦਿੱਤੀ, ਇਹ ਮੰਨ ਕੇ ਕਿ ਉਸ ਦੀ ਆਮਦਨ ਖੇਤੀਬਾੜੀ ਗਤੀਵਿਧੀਆਂ ਤੋਂ ਸੀ। ਇਸ ਨਾਲ ਮ੍ਰਿਤਕ ਦੀ ਕੁੱਲ ਮਹੀਨਾਵਾਰ ਆਮਦਨ 40,667 ਰੁਪਏ ਨਿਰਧਾਰਤ ਕੀਤੀ ਗਈ। ਸਿੱਟੇ ਵਜੋਂ, ਕੁੱਲ ਮੁਆਵਜ਼ਾ 78,92,764 ਰੁਪਏ ਹੋ ਗਿਆ। ਕਿਉਂਕਿ ਟ੍ਰਿਬਿਊਨਲ ਪਹਿਲਾਂ ਹੀ 57,59,096 ਰੁਪਏ ਦਾ ਫੈਸਲਾ ਦੇ ਚੁੱਕਾ ਸੀ, ਇਸ ਲਈ ਹਾਈ ਕੋਰਟ ਨੇ ਬਾਕੀ ਬਚੀ 21,33,668 ਰੁਪਏ ਦੀ ਵਾਧੂ ਰਕਮ ਦਾ ਆਦੇਸ਼ ਦਿੱਤਾ। ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਇਹ ਵਧੀ ਹੋਈ ਰਕਮ ਦਾਅਵਾ ਦਾਇਰ ਕਰਨ ਦੀ ਮਿਤੀ ਤੋਂ ਭੁਗਤਾਨ ਤੱਕ 9 ਪ੍ਰਤੀਸ਼ਤ ਸਾਲਾਨਾ ਵਿਆਜ ਇਕੱਠਾ ਕਰੇਗੀ। ਪ੍ਰਤੀਵਾਦੀ ਬੀਮਾ ਕੰਪਨੀ ਅਤੇ ਹੋਰ ਧਿਰਾਂ ਨੂੰ ਦੋ ਮਹੀਨਿਆਂ ਦੇ ਅੰਦਰ ਟ੍ਰਿਬਿਊਨਲ ਕੋਲ ਵਿਆਜ ਸਮੇਤ ਪੂਰੀ ਰਕਮ ਜਮ੍ਹਾ ਕਰਨ ਦਾ ਹੁਕਮ ਦਿੱਤਾ ਗਿਆ ਸੀ, ਜੋ ਸਿੱਧੇ ਅਨੰਤਪਾਲ ਕੌਰ ਦੇ ਬੈਂਕ ਖਾਤੇ ਵਿੱਚ ਟ੍ਰਾਂਸਫਰ ਕੀਤੀ ਜਾਵੇਗੀ।

……

ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਕੁਰਲਾ ਕਰਨ ਵਾਲੇ ਮੁਸਲਿਮ ਨੌਜਵਾਨ ਖਿਲਾਫ਼ FIR ਦਰਜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਅੰਮ੍ਰਿਤਸਰ: ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਕੁਰਲਾ ਕਰਨ ਵਾਲੇ ਮੁਸਲਿਮ ਨੌਜਵਾਨ ਨੂੰ ਲੈ ਕੇ ਵਿਵਾਦ ਜਾਰੀ ਹੈ। ਨੌਜਵਾਨ ਨੇ ਦੋ ਵਾਰ ਮੁਆਫ਼ੀ ਮੰਗੀ ਹੈ, ਪਰ ਸਿੱਖ ਭਾਈਚਾਰਾ ਉਸ ਦੀਆਂ ਕਾਰਵਾਈਆਂ ਤੋਂ ਨਾਖੁਸ਼ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਹੁਣ ਨੌਜਵਾਨ ਖ਼ਿਲਾਫ਼ FIR ਦਰਜ ਕਰੇਗੀ।

SGPC ਦੇ ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ ਨੇ ਇਸ ਦੀ ਪੁਸ਼ਟੀ ਕੀਤੀ ਹੈ ਅਤੇ ਕਿਹਾ ਹੈ ਕਿ ਜਲਦੀ ਹੀ ਪੁਲਿਸ ਸ਼ਿਕਾਇਤ ਦਰਜ ਕਰਵਾਈ ਜਾਵੇਗੀ। SGPC ਦੇ ਅਨੁਸਾਰ, ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਨੌਜਵਾਨ ਬੇਅਦਬੀ ਦੇ ਇਰਾਦੇ ਨਾਲ ਦਾਖਲ ਹੋਇਆ ਸੀ। ਉਹ ਲਗਭਗ 20 ਮਿੰਟ ਤੱਕ ਹਰਿਮੰਦਰ ਸਾਹਿਬ ਵਿੱਚ ਰਿਹਾ।

ਇਸ ਮਾਮਲੇ ਵਿੱਚ ਕਾਰਵਾਈ ਨਾ ਕਰਨ ਲਈ SGPC ਦੀ ਆਲੋਚਨਾ ਕੀਤੀ ਗਈ ਹੈ। ਹਰਿਮੰਦਰ ਸਾਹਿਬ ਵਿੱਚ ਯੋਗਾ ਕਰਨ ਵਾਲੀ ਗੁਜਰਾਤ ਦੀ ਅਰਚਨਾ ਮਕਵਾਨਾ ਖ਼ਿਲਾਫ਼ ਕੇਸ ਦਰਜ ਨਾ ਕਰਨ 'ਤੇ ਵੀ ਸਵਾਲ ਉਠਾਏ ਗਏ ਸਨ। SGPC ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਬਾਅਦ, ਨਿਹੰਗਾਂ ਨੇ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿੱਚ ਸ਼ਿਕਾਇਤ ਦਰਜ ਕਰਵਾਈ। ਨਿਹੰਗਾਂ ਨੇ ਕਿਹਾ ਕਿ ਨੌਜਵਾਨ ਦੀਆਂ ਕਾਰਵਾਈਆਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਸਿੱਖ ਭਾਈਚਾਰੇ 'ਤੇ ਅਕਸਰ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਦਾ ਦੋਸ਼ ਲਗਾਇਆ ਜਾਂਦਾ ਹੈ, ਇਸ ਲਈ ਉਨ੍ਹਾਂ ਨੇ ਕਾਨੂੰਨੀ ਢਾਂਚੇ ਦੇ ਅੰਦਰ ਪੁਲਿਸ ਕੋਲ ਪਹੁੰਚ ਕੀਤੀ ਹੈ।

ਉਹ ਚਾਹੁੰਦੇ ਹਨ ਕਿ ਉਹ ਸਿੱਖ ਮਰਿਆਦਾ ਅਨੁਸਾਰ ਜਨਤਕ ਤੌਰ 'ਤੇ ਮੁਆਫੀ ਮੰਗੇ, ਨਹੀਂ ਤਾਂ ਉਨ੍ਹਾਂ ਕੋਲ ਨੌਜਵਾਨ ਬਾਰੇ ਪੂਰੀ ਜਾਣਕਾਰੀ ਹੈ। ਗਾਜ਼ੀਆਬਾਦ ਪੁਲਿਸ ਨੇ ਸ਼ਿਕਾਇਤ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁਸਲਿਮ ਨੌਜਵਾਨ, ਸੁਭਾਨ ਰੰਗਰੀਜ਼, ਦਿੱਲੀ ਦਾ ਰਹਿਣ ਵਾਲਾ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਉਸ ਤੋਂ ਪੁੱਛਗਿੱਛ ਕਰੇਗੀ।

……

ਪਾਬੰਦੀਸ਼ੁਦਾ ਚੀਨੀ ਡੋਰ ਕਰਕੇ ਬਰਨਾਲਾ 'ਚ ਤਿੰਨ ਤੇ ਮੁਕਤਸਰ 'ਚ ਦੋ ਜ਼ਖ਼ਮੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਬਰਨਾਲਾ ਸ਼ਹਿਰ ਵਿਚ ਸ਼ੁੱਕਰਵਾਰ ਨੂੰ ਬਸੰਤ ਪੰਚਮੀ ਮੌਕੇ ਪਤੰਗ ਉਡਾਉਣ ਮੌਕੇ ਪਾਬੰਦੀਸ਼ੁਦਾ ਚੀਨੀ (ਪਲਾਸਟਿਕ) ਡੋਰ ਕਰਕੇ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਮੁਕਤਸਰ ਜ਼ਿਲ੍ਹੇ ਵਿੱਚ ਵੀ ਦੋ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਹੈ। ਬਰਨਾਲਾ 'ਚ ਜ਼ਖ਼ਮੀ ਹੋਏ ਵਿਅਕਤੀਆਂ 'ਚੋਂ ਇਕ ਦੀ ਹਾਲਤ ਗੰਭੀਰ ਸੀ, ਉਸ ਨੂੰ ਬਠਿੰਡਾ ਦੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਰੈਫਰ ਕਰ ਦਿੱਤਾ ਗਿਆ। ਉਸ ਦੇ ਗਲੇ 'ਤੇ 12 ਟਾਂਕੇ ਲੱਗੇ ਹਨ। ਇਸ ਦੌਰਾਨ ਬਰਨਾਲਾ ਪੁਲੀਸ ਨੇ ਪਾਬੰਦੀਸ਼ੁਦਾ ਪਤੰਗ ਦੀਆਂ ਡੋਰਾਂ ਵੇਚਣ ਦੇ ਦੋਸ਼ ਵਿੱਚ ਤਿੰਨ ਵਿਅਕਤੀਆਂ ਵਿਰੁੱਧ ਐੱਫਆਈਆਰ ਦਰਜ ਕੀਤੀ ਹੈ ਅਤੇ ਡੋਰ ਦੇ ਕੁਝ ਗੱਟੂ ਵੀ ਜ਼ਬਤ ਕੀਤੇ ਹਨ।

ਮੁਕਤਸਰ ਜ਼ਿਲ੍ਹੇ ਵਿੱਚ ਦੌਲਾ ਪਿੰਡ ਵਿਚ ਚੀਨੀ ਡੋਰ ਕਰਕੇ ਜ਼ਖਮੀ ਨੌਜਵਾਨ ਦੇ ਗਲੇ 'ਤੇ ਅੱਠ ਟਾਂਕੇ ਲੱਗੇ। ਇਸੇ ਤਰ੍ਹਾਂ, ਡੋਡਾ ਪਿੰਡ ਦੇ ਇੱਕ ਹੋਰ ਲੜਕੇ ਨੂੰ ਉਂਗਲੀ 'ਤੇ ਸੱਟ ਲੱਗੀ। ਬਠਿੰਡਾ ਸ਼ਹਿਰ ਵਿੱਚ ਇੱਕ ਹੋਰ ਹਾਦਸੇ ਵਿੱਚ ਆਰੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਨੇੜੇ ਗੁਬਾਰੇ ਭਰਨ ਲਈ ਵਰਤਿਆ ਜਾਣ ਵਾਲਾ ਇੱਕ ਸਿਲੰਡਰ ਫਟ ਗਿਆ। ਹਾਲਾਂਕਿ ਇਸ ਦੌਰਾਨ ਕਿਸੇ ਸੱਟ ਫੇਟ ਤੋਂ ਬਚਾਅ ਰਿਹਾ। ਬਠਿੰਡਾ ਜ਼ਿਲ੍ਹੇ ਵਿੱਚ ਐਸਐਸਪੀ ਜੋਤੀ ਯਾਦਵ ਦੀ ਅਗਵਾਈ ਹੇਠ ਪੁਲੀਸ ਟੀਮ ਵੱਲੋਂ ਪਾਬੰਦੀਸ਼ੁਦਾ ਡੋਰ ਦੀ ਵਰਤੋਂ 'ਤੇ ਨਜ਼ਰ ਰੱਖੀ ਜਾ ਰਹੀ ਹੈ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9636 0606
hardipchumber57@gmail.com

ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।

ਰਾਜਨੀਤੀ ਕਿਸੇ ਵਿਅਕਤੀ ਦੀ ਆਜ਼ਾਦੀ ਦੀ ਕਦਰ ਕਰਨ ਦਾ ਮੂਲ ਮਾਪ ਹੈ

3 ਅਕਤੂਬਰ, 1945 ਦਿਨ ਬੁੱਧਵਾਰ ਨੂੰ ਪੁਣੇ ਦੇ 'ਅਹਿਲਿਆ ਆਸ਼ਰਮ' ਕੰਪਲੈਕਸ ਵਿਖੇ ਡਾ: ਬਾਬਾ ਸਾਹਿਬ ਅੰਬੇਡਕਰ ਦੁਆਰਾ 'ਅੰਬੇਦਕਰ ਸਕੂਲ ਆਫ਼ ਪਾਲੀਟਿਕਸ' ਸੰਸਥਾ ਦਾ ਉਦਘਾਟਨ ਸਮਾਰੋਹ ਬੜੀ ਧੂਮ-ਧਾਮ ਨਾਲ ਕੀਤਾ ਗਿਆ। ਸਮਾਗਮ ਵਿੱਚ ਰਾਜਨੀਤੀ ਦਾ ਅਧਿਐਨ ਕਰਨ ਵਾਲਿਆਂ ਨੂੰ ਮਾਰਗਦਰਸ਼ਨ ਕਰਨ ਅਤੇ ਧਰਮ ਗ੍ਰੰਥਾਂ ਦੇ ਆਧਾਰ 'ਤੇ ਪ੍ਰਚਲਿਤ ਹਿੰਦੀ ਰਾਜਨੀਤੀ ਦਾ ਸ਼ੁੱਧ ਗਿਆਨ ਦੇਣ ਲਈ ਡਾ: ਬਾਬਾ ਸਾਹਿਬ ਦਾ ਬਹੁਤ ਹੀ ਵਿਦਵਤਾ ਭਰਪੂਰ ਭਾਸ਼ਣ ਦਿੱਤਾ ਗਿਆ।

ਖਾਸ ਤੌਰ 'ਤੇ ਆਪਣੇ ਭਾਸ਼ਣ ਵਿਚ ਡਾ. ਬਾਬਾ ਸਾਹਿਬ ਅੰਬੇਡਕਰ ਦੇ ਰਾਜਨੀਤੀ ਵਿਚ ਆਉਣ ਤੋਂ ਬਾਅਦ ਗਾਂਧੀ ਨੇ ਕਾਂਗਰਸ ਨੂੰ ਸਿਧਾਂਤਹੀਣ ਅਤੇ ਬੁੱਧੀਹੀਣ ਭੇਡ-ਚਾਲ ਵਿਚ ਤਬਦੀਲ ਕਰ ਦਿੱਤਾ ਹੈ ਅਤੇ ਇਸ ਕਾਰਨ ਦੇਸ਼ ਨੂੰ ਹੋਏ ਭਾਰੀ ਨੁਕਸਾਨ ਦਾ ਵੇਰਵਾ ਦਿੱਤਾ ਗਿਆ ਹੈ। ਬਾਬਾ ਸਾਹਿਬ ਅੰਬੇਡਕਰ ਨੇ ਕਿਹਾ

ਇਹ ਸੰਸਥਾ ਰਾਜਨੀਤੀ ਦਾ ਅਧਿਐਨ ਕਰਨ ਦੇ ਉਦੇਸ਼ ਲਈ ਬਣਾਈ ਗਈ ਹੈ ਅਤੇ ਮੈਂ ਇਸ ਉਦੇਸ਼ ਨੂੰ ਸਵੀਕਾਰ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਤੁਸੀਂ ਮੇਰੇ 'ਤੇ ਪੂਰਾ ਭਰੋਸਾ ਕਰਦੇ ਹੋ ਅਤੇ ਇਸ ਲਈ ਮੈਂ ਤੁਹਾਡੇ ਸਾਹਮਣੇ ਖੁੱਲ੍ਹੇ ਦਿਲ ਨਾਲ ਆਪਣੇ ਵਿਚਾਰ ਪੇਸ਼ ਕਰਨ ਜਾ ਰਿਹਾ ਹਾਂ।

ਕਿਸੇ ਵੀ ਪੀੜ੍ਹੀ ਦੇ ਲੋਕਾਂ ਨੂੰ ਆਜ਼ਾਦੀ ਨਾਲ ਸੋਚਣ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਸ ਸਮੇਂ ਜੋ ਵੀ ਮਹੱਤਵਪੂਰਨ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਨੂੰ ਹੱਲ ਕਰਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਕੋਈ ਸਮਾਜ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਹੈ ਤਾਂ ਉਸ ਨੂੰ ਆਪਣੀ ਆਜ਼ਾਦੀ ਲਈ ਦਿਨ ਰਾਤ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ।

ਖਾਸ ਵਿਚਾਰਾਂ ਨੂੰ ਪਵਿੱਤਰ ਮੰਨਦੇ ਹੋਏ, ਉਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ ਲਗਾਤਾਰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੀ ਸੋਚ ਸਮਾਜ ਦੇ ਰੋਮ ਰੋਮ ਵਿੱਚ ਪ੍ਰਵੇਸ਼ ਕਰੇਗੀ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਮਾਜ ਆਖਰਕਾਰ ਅਧੋਗਤੀ ਵੱਲ ਜਾਵੇਗਾ। ਪੈਗੰਬਰ ਮੁਹੰਮਦ, ਈਸਾ ਮਸੀਹ ਮਹਾਨ ਦਾਰਸ਼ਨਿਕ ਹੋਏ ਹੋਣਗੇ, ਪੈਗੰਬਰ ਦੀ 'ਕੁਰਾਨ', ਯਿਸੂ ਮਸੀਹ ਦੀ 'ਬਾਈਬਲ' ਅਤੇ ਸ੍ਰੀ ਕ੍ਰਿਸ਼ਨ ਦੀ 'ਗੀਤਾ' ਵਰਗੇ ਗ੍ਰੰਥਾਂ ਬਾਰੇ ਸੋਚੋ। ਪੈਗੰਬਰ ਮੁਹੰਮਦ ਨੇ ਕੁਰਾਨ ਵਿੱਚ ਕੀ ਕਿਹਾ, ਯਿਸੂ ਮਸੀਹ ਨੇ ਬਾਈਬਲ ਵਿੱਚ ਕੀ ਕਿਹਾ ਅਤੇ ਸ੍ਰੀ ਕ੍ਰਿਸ਼ਨ ਨੇ ਗੀਤਾ ਵਿੱਚ ਕੀ ਕਿਹਾ। ਇਸ ਤਰ੍ਹਾਂ ਦੇ ਬੰਧਨ ਦੇ ਕਾਰਨ, 'ਯਵਾਚ ਚੰਦਰਦਿਵਾਕਦੌਂ' ਨੂੰ ਸੱਚ ਅਤੇ ਪ੍ਰਮਾਣ ਮੰਨਿਆ ਜਾਣਾ ਚਾਹੀਦਾ ਹੈ, ਮਨੁੱਖੀ ਬੁੱਧੀ ਹਮੇਸ਼ਾ ਲਈ ਦਰਕਿਨਾਰ ਕਰ ਦਿੱਤਾ ਗਿਆ ਹੈ। ਇਸੇ ਲਈ ਕੋਈ ਇਹ ਸਮਝਣ ਦੀ ਕੋਸ਼ਿਸ਼ ਵੀ ਨਹੀਂ ਕਰਦਾ ਕਿ ਸੱਚ ਕੀ ਹੈ ਅਤੇ ਝੂਠ ਕੀ ਹੈ, ਉਨ੍ਹਾਂ ਦੀ ਮੁਕਤੀ ਦਾ ਰਸਤਾ ਕੀ ਹੈ। ਇਹ ਬਹੁਜਨ ਸਮਾਜ ਅਤੇ ਦੇਸ਼ ਲਈ ਪੂਰੀ ਤਰ੍ਹਾਂ ਵਿਨਾਸ਼ਕਾਰੀ ਹੈ। ਮੈਂ ਇਸ ਨੂੰ ਆਪਣੀ ਕਿਸਮਤ ਸਮਝਦਾ ਹਾਂ ਕਿ ਤੁਸੀਂ ਮੈਨੂੰ ਰੱਬ ਨਹੀ ਸਮਝਦੇ। ਅੱਜ ਤੱਕ ਜੋ ਵੀ ਮੈ ਤੁਹਾਨੂੰ ਦੱਸਦਾ ਆਇਆ ਹਾਂ, ਮੈਂ ਇਸ ਇਰਾਦੇ ਨਾਲ ਦੱਸਿਆ ਹੈ ਕਿ ਇਹ ਤੁਹਾਡੀ ਬੁੱਧੀ ਇਸ ਦੇ ਸੱਚ ਨੂੰ ਗ੍ਰਹਿਣ ਕਰ ਲਵੇਗੀ। ਅੱਜ ਤੱਕ ਮੈਂ ਕੇਵਲ ਉਹੀ ਗੱਲਾਂ ਦੱਸਦਾ ਆ ਰਿਹਾ ਹਾਂ ਜਿਹਨਾਂ ਚਲਦਾ ਹਾਂ, ਜੋ ਬੁੱਧੀ ਦੀ ਕੜੀ ਤਪੱਸਿਆ ਵਿੱਚੋਂ ਲੰਘ ਕੇ ਕੁੰਦਨ ਬਣੀਆਂ ਹਨ। ਇਹ ਬੇਸ਼ੱਕ ਕਿਸੇ ਧਰਮ ਆਧਾਰਿਤ ਨਹੀਂ ਹੋ ਸਕਦਾ, ਪਰ ਕਾਨੂੰਨ ਦੇ ਖਾਸ ਤੱਤਾਂ 'ਤੇ ਤੁਹਾਨੂੰ ਇਸ ਵਿਚ 'ਹਕੀਕਤ/ਸੱਚ' ਜ਼ਰੂਰ ਦਿਖਾਈ ਦੇਵੇਗੀ।

ਸਾਰਿਆਂ ਨੂੰ ਇੱਕ ਗੱਲ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਹਰ ਪੀੜ੍ਹੀ ਦੇ ਸਾਹਮਣੇ ਪੈਦਾ ਹੋਣ ਵਾਲੇ ਵੱਖ-ਵੱਖ ਮੁੱਦਿਆਂ ਨੂੰ ਹੱਲ ਕਰਨ ਲਈ, ਸਿਰਫ ਪੁਰਾਣੀ ਪੀੜ੍ਹੀ ਦੇ ਲੋਕਾਂ ਦੀ ਸੋਚ 'ਤੇ ਭਰੋਸਾ ਕਰਨਾ ਕਾਫ਼ੀ ਨਹੀਂ ਹੈ। ਮੰਨ ਲਓ ਅੱਜ ਤੁਹਾਡੇ ਸਾਹਮਣੇ ਕੋਈ ਸਿਆਸੀ ਸਮੱਸਿਆ ਖੜ੍ਹੀ ਹੋ ਗਈ ਹੈ। ਇਸ ਨੂੰ ਹੱਲ ਕਰਦੇ ਸਮੇਂ ਸੋਚਣਾ ਤੁਹਾਡੇ ਲਈ ਕਾਫ਼ੀ ਨਹੀਂ ਹੋਵੇਗਾ ਕਿ ਅੱਜ ਅਗਰ ਲੋ. ਮਾ, ਤਿਲਕ ਜ਼ਿੰਦਾ ਹੁੰਦੇ ਤਾਂ ਇਸ ਮਸਲੇ ਨੂੰ ਕਿਵੇਂ ਹੱਲ ਕਰਦੇ, ਉਸੇ ਤਰ੍ਹਾਂ ਅਸੀਂ ਵੀ ਇਸ ਦਾ ਹੱਲ ਲੱਭ ਲੈਂਦੇ। ਮੇਰਾ ਸਪੱਸ਼ਟ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਅਸੀਂ ਸਫਲਤਾਪੂਰਵਕ ਉਸ ਸਮੱਸਿਆ ਦਾ ਹੱਲ ਨਹੀਂ ਲੱਭ ਸਕਦੇ।

ਜੇਕਰ ਕੋਈ ਇਹ ਕਹੇ ਕਿ ਕਿਸੇ ਵਿਅਕਤੀ ਨੂੰ ਜਨਮ ਤੋਂ ਹੀ ਰਾਜਨੀਤੀ ਦਾ ਗਿਆਨ ਹੈ ਤਾਂ ਉਸ ਦੀ ਗੱਲ ਪੂਰੀ ਤਰ੍ਹਾਂ ਗਲਤ ਹੋਵੇਗੀ। ਸਗੋਂ ਮੈਂ ਤਾਂ ਇਹ ਕਹਾਂਗਾ ਕਿ ਮਨੁੱਖ ਅੰਦਰ ਸਿਆਸੀ ਦ੍ਰਿਸ਼ਟੀਕੋਣ ਪੈਦਾ ਕਰਨਾ ਕਿਮੀਆ ਕਰਨ ਤੋਂ ਘੱਟ ਨਹੀਂ ਹੈ। ਇੰਗਲੈਂਡ ਦੇ ਇਤਿਹਾਸ ਦੇ ਪੰਨੇ ਮੇਰੇ ਇਸ ਕਥਨ ਦੀ ਪੁਸ਼ਟੀ ਕਰਨਗੇ। ਰਾਜਨੀਤੀ ਵਿਅਕਤੀਗਤ ਆਜ਼ਾਦੀ ਦਾ ਮੂਲ ਮਾਪਦੰਡ ਹੈ।

ਗਾਂਧੀ ਦੇ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ, ਸਾਡੇ ਦੇਸ਼ ਵਿੱਚ ਦੋ ਵਿਚਾਰਧਾਰਾ ਸਨ ਜੋ ਰਾਜਨੀਤੀ ਦੇ ਪਾਠ ਪੜ੍ਹਾਉਂਦੇ ਸਨ। ਪਹਿਲਾ ਵਿਚਾਰ ਰਾਨਾਡੇ-ਗੋਖਲੇ ਦੇ ਵਿਚਾਰਾਂ ਦਾ ਉਦਾਰਵਾਦੀ ਸਕੂਲ ਸੀ ਅਤੇ ਦੂਸਰਾ, ਬੰਗਾਲ ਦੇ ਕ੍ਰਾਂਤੀਕਾਰੀਆਂ ਦੇ ਸਕੂਲ, ਉਦਾਰਵਾਦੀਆਂ ਦੇ ਸਕੂਲ ਵਿੱਚ ਬੁੱਧੀਹੀਣਾਂ ਨੂੰ ਕਦੇ ਵੀ ਦਾਖਲਾ ਨਹੀਂ ਮਿਲਦਾ ਸੀ ਅਤੇ ਕ੍ਰਾਂਤੀਕਾਰੀਆਂ ਦੇ ਸਕੂਲ ਵਿੱਚ ਸਿਧਾਂਤ ਹੀਣ ਲੋਕਾਂ ਦਾ ਦਾਖਲਾ ਬੰਦ ਸੀ। ਰਾਨਾਡੇ-ਗੋਖਲੇ ਤੋਂ ਪ੍ਰੇਰਿਤ ਵਿਚਾਰਧਾਰਾ ਵਿੱਚ ਸਿਰਫ਼ ਬੁੱਧੀਹੀਣ ਲੋਕਾਂ ਨੂੰ ਹੀ ਸ਼ਾਮਲ ਕੀਤਾ ਗਿਆ। ਗਿਆਨ ਪ੍ਰਾਪਤੀ ਅਤੇ ਸੋਚਣ-ਸਮਝਣ ਦੀ ਮਾਨਸਿਕਤਾ 'ਤੇ ਇੱਥੇ ਪੂਰਾ ਜ਼ੋਰ ਸੀ। ਉਦਾਰਵਾਦੀਆਂ ਦੇ ਸਕੂਲ ਵਿੱਚ ਸਿਰਫ਼ ਸਿਆਸਤ ਵਿੱਚ ਕੋੜ੍ਹ ਵਾਲੇ ਲੋਕਾਂ ਨੂੰ ਹੀ ਦਾਖ਼ਲਾ ਮਿਲਦਾ ਹੈ।

“ਇਕੁਐਲਿਟੀ ਐਂਡ ਜਸਟਿਸ”
"Equality and Justice"

ਕ੍ਰਾਂਤੀਕਾਰੀਆਂ ਦੇ ਸਕੂਲ ਦੇ ਵੀ ਸਖ਼ਤ ਨਿਯਮ ਸਨ। ਸਿਰਫ਼ ਉਹੀ ਲੋਕ ਇਸ ਵਿਚਾਰਧਾਰਾ ਵਿੱਚ ਦਾਖ਼ਲ ਹੋ ਸਕਦੇ ਹਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਨ ਦਾ ਸੰਕਲਪ ਲਿਆ ਸੀ। ਪਰ ਗਾਂਧੀ ਦੇ ਵਿਚਾਰਧਾਰਾ ਜਾਂ ਉਸ ਦੀ ਵਿਚਾਰਧਾਰਾ ਦੇ ਦਰਵਾਜ਼ੇ ਸਿਰਫ਼ ਅਕਲ ਜਾਂ ਸਿਧਾਂਤਾਂ ਤੋਂ ਬਿਨਾਂ ਲੋਕਾਂ ਲਈ ਖੁੱਲ੍ਹੇ ਰੱਖੇ ਗਏ ਸਨ। ਕਾਂਗਰਸ ਦੀ ਸਿਆਸਤ ਵਿੱਚ ਤਰਕਸ਼ੀਲਾਂ ਲਈ ਕੋਈ ਥਾਂ ਨਹੀਂ ਹੈ। ਇਸ ਲਈ ਇਹ ਕਹਿਣਾ ਪੈਂਦਾ ਹੈ ਕਿ ਕਾਂਗਰਸ ਵਾਲਿਆਂ ਨੂੰ ਤਰਕਸ਼ੀਲਤਾ ਅਤੇ ਸੱਚ ਦੀ ਸੋਚ ਉੱਤੇ ਚਲਣ ਵਾਲਿਆਂ ਸ਼ੁਰੂ ਤੋਂ ਹੀ ਦੂਰ ਰਹਿਣਾ ਚਾਹੀਦਾ ਸੀ, ਇਹ ਮੇਰਾ ਸਪੱਸ਼ਟ ਵਿਚਾਰ ਹੈ।

ਕਾਂਗਰਸੀ ਆਗੂਆਂ ਨੂੰ ਇਹ ਵੀ ਨਹੀਂ ਪਤਾ ਕਿ ਰਾਜਨੀਤੀ ਕਿਸ ਪੰਛੀ ਦਾ ਨਾਮ ਹੈ। ਇਸ ਕਾਰਨ ਕਾਂਗਰਸ ਦੀ ਸਿਆਸਤ ਨੂੰ ਵਾਰ-ਵਾਰ ਗੰਭੀਰ ਝਟਕਿਆਂ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਦੇਸ਼ ਅਤੇ ਸਮਾਜ ਦਾ ਬਹੁਤ ਨੁਕਸਾਨ ਹੋਇਆ ਹੈ ਜਿਸ ਦੀ ਭਰਪਾਈ ਜਲਦੀ ਨਹੀਂ ਹੋ ਸਕਦੀ। ਕਾਂਗਰਸ ਦੀ ਮੂਰਖਤਾ, ਦ੍ਰਿੜਤਾ ਦੀ ਘਾਟ ਅਤੇ ਸਿਧਾਂਤਾਂ ਦੀ ਘਾਟ ਕਾਰਨ ਨਸਲੀ ਸਦਭਾਵਨਾ ਦਾ ਲਟਕਦਾ ਸਵਾਲ ਹੈ। ਵਪਾਰ ਸੁਰੱਖਿਆ ਨਾਲ ਸਬੰਧਤ ਭਾਰਤ ਸਰਕਾਰ ਐਕਟ ਦੀ 51ਵੀਂ ਧਾਰਾ ਲਈ ਸਿਰਫ਼ ਇੱਕ ਵਿਅਕਤੀ ਦੀ ਮੂਰਖਤਾ ਜ਼ਿੰਮੇਵਾਰ ਹੈ।

ਹਰ ਵਿਅਕਤੀ ਨੂੰ ਆਪਣੇ ਉਦੇਸ਼ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਹਮੇਸ਼ਾ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਹਰ ਪਾਰਟੀ ਵਿੱਚ ਤਰਕਸ਼ੀਲ ਲੋਕਾਂ ਦਾ ਹੋਣਾ ਜ਼ਰੂਰੀ ਹੈ। ਗਿਆਨ ਬਹੁਤ ਜ਼ਰੂਰੀ ਚੀਜ਼ ਹੈ। ਮੇਰੇ ਵਿਚਾਰ ਰਾਨਾਡੇ-ਗੋਖਲੇ ਦੇ ਵਿਚਾਰਾਂ ਨਾਲ ਮੇਲ ਖਾਂਦੇ ਹਨ, ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਉਨ੍ਹਾਂ ਦੀ ਅਤੇ ਮੇਰੀ ਸੋਚ ਸਿਧਾਂਤਕ ਤੌਰ 'ਤੇ ਇੱਕੋ ਜਿਹੀ ਹੈ।

……

ਸਫਾ 1 ਦੀ ਬਾਕੀ ਖਬਰ

31 ਮਾਰਚ, 2025 ਤਕ , ਕੁਲ 533 ਐਲ.ਆਰ. ਦੂਜੇ ਦੇਸ਼ਾਂ ਕੋਲ ਲੰਬਿਤ ਸਨ, ਜਿਨ੍ਹਾਂ 'ਚੋਂ 276 ਸੀ.ਬੀ.ਆਈ. ਦੇ ਮਾਮਲੇ ਅਤੇ 257 ਰਾਜ ਪੁਲਿਸ ਅਤੇ ਹੋਰ ਕੇਂਦਰੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਬੰਧਤ ਸਨ। ਵੱਖ-ਵੱਖ ਦੇਸ਼ਾਂ ਤੋਂ ਅਪਰਾਧਕ ਮਾਮਲਿਆਂ ਦੀ ਜਾਂਚ ਵਿਚ ਸਹਾਇਤਾ ਪ੍ਰਦਾਨ ਕਰਨ ਦੀ ਬੇਨਤੀ ਕਰਨ ਲਈ 32 ਐੱਲ.ਆਰ./ਸੰਧੀ ਅਧਾਰਿਤ ਬੇਨਤੀਆਂ ਪ੍ਰਾਪਤ ਹੋਈਆਂ ਸਨ। ਸਾਲ ਦੌਰਾਨ, ਐੱਨ.ਸੀ.ਬੀ.-ਇੰਡੀਆ ਵਲੋਂ ਭਗੌੜੇ ਜਾਂ ਤਾਂ ਮੁਕੱਦਮਾ ਚਲਾਉਣ ਜਾਂ ਦੇਸ਼ ਵਿਚ ਸਜ਼ਾ ਕੱਟਣ ਲਈ ਲੋੜੀਂਦੇ ਭਗੌੜਿਆਂ ਲਈ ਵੱਖ-ਵੱਖ ਇੰਟਰਪੋਲ ਨੋਟਿਸ ਜਾਰੀ ਕੀਤੇ ਗਏ ਸਨ।

ਇਨ੍ਹਾਂ ਵਿਚ 126 ਰੈੱਡ ਨੋਟਿਸ (ਦੁਨੀਆਂ ਭਰ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਹਵਾਲਗੀ, ਆਤਮ ਸਮਰਪਣ ਜਾਂ ਇਸ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਲਈ ਕਿਸੇ ਵਿਅਕਤੀ ਦਾ ਪਤਾ ਲਗਾਉਣ ਅਤੇ ਅਸਥਾਈ ਤੌਰ ਉਤੇ ਗ੍ਰਿਫਤਾਰ ਕਰਨ ਦੀ ਬੇਨਤੀ), 89 ਨੀਲੇ ਨੋਟਿਸ (ਕਿਸੇ ਵਿਅਕਤੀ ਦੀ ਪਛਾਣ, ਸਥਾਨ ਜਾਂ ਗਤੀਵਿਧੀਆਂ ਬਾਰੇ ਜਾਣਕਾਰੀ ਮੰਗਣਾ), 24 ਪੀਲੇ ਨੋਟਿਸ (ਲਾਪਤਾ ਵਿਅਕਤੀ ਲਈ ਆਲਮੀ ਪੁਲਿਸ ਚੇਤਾਵਨੀ), ਸੱਤ ਕਾਲੇ ਨੋਟਿਸ (ਅਣਪਛਾਤੀਆਂ ਲਾਸ਼ਾਂ ਬਾਰੇ ਬੇਨਤੀਆਂ) ਅਤੇ ਇਕ ਗ੍ਰੀਨ ਨੋਟਿਸ (ਇੰਟਰਪੋਲ ਵਲੋਂ ਮੈਂਬਰ ਦੇਸ਼ਾਂ ਨੂੰ ਉਨ੍ਹਾਂ ਲੋਕਾਂ ਬਾਰੇ ਸੁਚੇਤ ਕਰਨ ਲਈ ਜਾਰੀ ਕੀਤੀ ਗਈ ਚੇਤਾਵਨੀ ਜਿਨ੍ਹਾਂ ਨੂੰ ਮੰਨਿਆ ਜਾਂਦਾ ਹੈ। ਜਨਤਕ ਸੁਰੱਖਿਆ ਲਈ ਸੰਭਾਵਤ ਖਤਰਾ), ਰੀਪੋਰਟ ਵਿਚ ਕਿਹਾ ਗਿਆ ਹੈ।

ਸੀ.ਬੀ.ਆਈ. ਨੇ ਅਪਣੇ ਆਲਮੀ ਕਾਰਵਾਈ ਕੇਂਦਰ (ਜੀ.ਓ.ਸੀ.) ਰਾਹੀਂ ਇੰਟਰਪੋਲ ਚੈਨਲਾਂ ਨਾਲ ਵਿਦੇਸ਼ੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਹਿਯੋਗ ਨਾਲ ਅਤੇ ਨੋਟਿਸ ਜਾਰੀ ਕਰ ਕੇ ਅਪਰਾਧੀਆਂ ਅਤੇ ਭਗੌੜਿਆਂ ਦਾ ਪਤਾ ਲਗਾਇਆ ਹੈ। ਲੋੜੀਂਦੇ ਵਿਸ਼ਿਆਂ ਦੀ ਸਥਿਤੀ ਦਾ ਪਤਾ ਲਗਾਉਣ ਉਤੇ, ਸੀ.ਬੀ.ਆਈ. ਵਿਦੇਸ਼ਾਂ ਤੋਂ ਲੋੜੀਂਦੇ ਵਿਸ਼ਿਆਂ ਦੀ ਵਾਪਸੀ ਲਈ ਸਬੰਧਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਸਬੰਧਤ ਦੇਸ਼ਾਂ ਦੇ ਇੰਟਰਪੋਲ ਨੈਸ਼ਨਲ ਸੈਂਟਰਲ ਬਿਊਰੋਕਸ, ਗ੍ਰਹਿ ਮੰਤਰਾਲੇ ਅਤੇ ਵਿਦੇਸ਼ ਮੰਤਰਾਲੇ ਨਾਲ ਤਾਲਮੇਲ ਕਰਦੀ ਹੈ।

ਰੀਪੋਰਟ 'ਚ ਕਿਹਾ ਗਿਆ ਹੈ ਕਿ ਅਪ੍ਰੈਲ 2024 ਤੋਂ ਮਾਰਚ 2025 ਦਰਮਿਆਨ ਸੀ.ਬੀ.ਆਈ. (ਆਈ.ਪੀ.ਸੀ.ਯੂ.) ਨੇ ਭਾਰਤੀ ਨਾਗਰਿਕਤਾ ਛੱਡਣ ਲਈ 22,200 ਤੋਂ ਵੱਧ ਅਰਜ਼ੀਆਂ ਉਤੇ ਕਾਰਵਾਈ ਕੀਤੀ ਅਤੇ ਟਿਪਣੀਆਂ ਦਿਤੀਆਂ। ਇਸ ਵਿਚ ਇੰਟਰਪੋਲ ਦੇ ਚੋਰੀ ਹੋਏ ਅਤੇ ਗੁੰਮ ਹੋਏ ਯਾਤਰਾ ਦਸਤਾਵੇਜ਼ਾਂ (ਐਸ.ਐਲ.ਟੀ.ਡੀ.) ਦੇ ਡਾਟਾਬੇਸ ਬਾਰੇ ਵੀ ਜਾਣਕਾਰੀ ਦਿਤੀ ਗਈ ਹੈ।

31.03.2025 ਤਕ, ਚੋਰੀ/ਗੁੰਮ ਹੋਏ/ਰੱਦ ਕੀਤੇ ਗਏ 1,91,031 ਭਾਰਤੀ ਪਾਸਪੋਰਟਾਂ ਦਾ ਡਾਟਾ ਐੱਸ.ਐੱਲ.ਟੀ.ਡੀ. ਡੇਟਾਬੇਸ ਵਿਚ ਅਪਲੋਡ ਕੀਤਾ ਗਿਆ ਹੈ। 31.03.2025 ਤਕ, ਐਸ.ਐਲ.ਟੀ.ਡੀ. ਰੀਕਾਰਡ ਕੀਤੇ ਭਾਰਤੀ ਪਾਸਪੋਰਟਾਂ ਦੀ ਵਰਤੋਂ ਨਾਲ ਸਬੰਧਤ 30 ਮਾਮਲੇ ਕਈ ਹੋਰ ਐਨ.ਸੀ.ਬੀ.ਜ਼ ਵਲੋਂ ਰੀਪੋਰਟ ਕੀਤੇ ਗਏ ਹਨ।

ਆਜ਼ਾਦੀ ਕੋਈ ਤੋਹਫ਼ਾ ਨਹੀਂ ਸਗੋਂ ਲਹੂ ਨਾਲ ਲਿਖੀ ਇਤਿਹਾਸਕ ਇਬਾਰਤ ਹੈ- ਬਾਗੀ, ਗਰਚਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9636 0606
hardipchumber57@gmail.com

ਬੰਗਾ(ਚਰਨਜੀਤ ਸੱਲ੍ਹਾਂ) ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ 26 ਜਨਵਰੀ ਗਣਤੰਤਰ ਦਿਵਸ ਦੇ ਪਾਵਨ ਮੌਕੇ 'ਤੇ ਸਮੂਹ ਦੇਸ ਵਾਸੀਆਂ ਨੂੰ ਦਿਲੋਂ ਮੁਬਾਰਕਾਂ ਦਿੰਦਿਆਂ ਦੇਸ਼ ਦੀ ਪਵਿੱਤਰ ਸਰਜ਼ਮੀਨ ਲਈ ਹੱਸਦੇ-ਹੱਸਦੇ ਆਪਣੀ ਜ਼ਿੰਦਗੀ ਨਿਛਾਵਰ ਕਰਨ ਵਾਲੇ ਅਮਰ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ ਅਤੇ ਵਾਇਸ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਇਹ ਆਜ਼ਾਦੀ ਕੋਈ ਤੋਹਫ਼ਾ ਨਹੀਂ, ਸਗੋਂ ਲਹੂ ਨਾਲ ਲਿਖੀ ਇਤਿਹਾਸਕ ਇਬਾਰਤ ਹੈ, ਜਿਸ ਦੀ ਰੱਖਿਆ ਕਰਨਾ ਹਰ ਨਾਗਰਿਕ ਦਾ ਪਵਿੱਤਰ ਫਰਜ਼ ਹੈ। ਉਨ੍ਹਾਂ ਨੇ ਕਿਹਾ ਕਿ ਜੇ ਦੇਸ਼ਭਗਤੀ ਸਿਰਫ਼ ਤਿਰੰਗਾ ਲਹਿਰਾਉਣ ਜਾਂ ਨਾਅਰੇ ਲਗਾਉਣ ਤੱਕ ਸੀਮਿਤ ਰਹਿ ਜਾਵੇ, ਤਾਂ ਇਹ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਬੇਇਨਸਾਫ਼ੀ ਹੈ। ਸੱਚੀ ਦੇਸ਼ ਸੇਵਾ ਤਾਂ ਉਦੋਂ ਹੁੰਦੀ ਹੈ ਜਦੋਂ ਅਸੀਂ ਸਫਾਈ, ਇਮਾਨਦਾਰੀ ਅਤੇ ਅਨੁਸ਼ਾਸਨ ਨੂੰ ਆਪਣੀ ਜ਼ਿੰਦਗੀ ਦਾ ਹਿਸਾ ਬਣਾਈਏ, ਭ੍ਰਿਸ਼ਟਾਚਾਰ ਅਤੇ ਸਮਾਜਕ ਕੁਰੀਤੀਆਂ ਖ਼ਿਲਾਫ਼ ਨਿਡਰ ਹੋ ਕੇ ਖੜ੍ਹੇ ਹੋਈਏ ਅਤੇ ਹਰ ਦੁੱਖੀ ਦੀ ਢਾਲ ਬਣੀਏ। ਉਨ੍ਹਾਂ ਨੇ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਇਨਸਾਨੀਅਤ ਸਭ ਤੋਂ ਵੱਡਾ ਧਰਮ ਹੈ, ਅਤੇ ਜੋ ਇਸ ਰਾਹ 'ਤੇ ਤੁਰਦਾ ਹੈ ਉਹੀ ਆਪਣੀ ਸਰਜ਼ਮੀਨ ਦਾ ਸੱਚਾ ਸਪੁੱਤਰ ਮਾਣ ਪ੍ਰਾਪਤ ਕਰੇਗਾ। ਇਸ ਮੌਕੇ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਸਰਗਰਮ ਅਤੇ ਸਮਰਪਿਤ ਮੈਂਬਰ ਰੋਟ ਜੀਵਨ ਦਾਸ ਕੌਸ਼ਲ, ਰੋਟ ਰਣਜੀਤ ਸਿੰਘ ਕੰਦੋਲਾ, ਰੋਟ ਡਾ. ਧਰਮਜੀਤ ਸਿੰਘ (ਵਾਇਸ ਚਾਂਸਲਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ), ਰੋਟ ਸ਼ਰਬਜੀਤ ਸਿੰਘ ਬੇਦੀ, ਰੋਟ ਸੁੱਖਵਿੰਦਰ ਸਿੰਘ ਧਾਮੀ, ਰੋਟ ਗੁਰਬਕਸ਼ ਰਾਮ (ਐਸ.ਡੀ.ਓ. ਸਬ ਅਰਬਨ, ਬੰਗਾ), ਰੋਟ ਰਾਮ ਤੀਰਥ (ਮੈਨੇਜਿੰਗ ਡਾਇਰੈਕਟਰ, ਤੇ ਡ੍ਰੀਮ ਐਮੀਗ੍ਰੇਸ਼ਨ ਵਰਲਡ), ਰੋਟ ਹਰਪ੍ਰੀਤ ਸਿੰਘ (ਫਾਇਨੈਂਸ ਸਕੱਤਰ), ਰੋਟ ਭੁਪੇਸ਼ ਕੁਮਾਰ, ਰੋਟ ਡਾ. ਪਰਮਜੀਤ ਸਿੰਘ (ਬਾਗਬਾਨੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ), ਰੋਟ ਹਰਮਨਪ੍ਰੀਤ ਸਿੰਘ ਰਾਣਾ (ਏ.ਐਸ. ਫਰੋਜ਼ਨ ਫੂਡਜ਼, ਨਾਗਰਾ), ਰੋਟ ਰਣਵੀਰ ਸਿੰਘ ਰਾਣਾ (ਸੈਕਟਰੀ), ਰੋਟ ਬਲਵਿੰਦਰ ਸਿੰਘ ਪਾਂਧੀ ਰੋਟ ਸ਼ਮਸ਼ੇਰ ਸਿੰਘ ਝਿੱਕਾ ਪਾਸਟ ਪ੍ਰਧਾਨ ਅਤੇ ਸੀਨੀਅਰ ਐਡਵੋਕੇਟ ਬਾਰ ਐਸੋਸਏਸ਼ਨ ਨਵਾਂਸ਼ਹਿਰ ਆਦਿ ਨੇ ਵੀ ਇਕਸੁਰ ਵਿੱਚ ਇਹ ਸੰਕਲਪ ਦੁਹਰਾਇਆ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਮੈਂਬਰ ਹਮੇਸ਼ਾ ਦੇਸ਼, ਸਮਾਜ ਅਤੇ ਮਨੁੱਖਤਾ ਦੀ ਸੇਵਾ ਲਈ ਅੱਗੇ ਰਹਿਣਗੇ।

ਆਓ ‘ਗਣਤੰਤਰ ਦਿਵਸ’ ਨੂੰ ‘ਗੁਣਤੰਤਰ ਦਿਵਸ’ ਬਣਾਈਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਪੇਸ਼ਕਸ਼ : ਗੁਰਦੀਪ ਸਿੰਘ
98881 26690

ਬਾਬਾ ਸਾਹਿਬ ਰਚਿਤ ਸਵਿਧਾਨ ,
ਸਹੀ ਅਰਥਾਂ ਵਿੱਚ ਲਾਗੂ ਕਰਕੇ ,
ਆਓ “ਗਣਤੰਤਰ ਦਿਵਸ” ਨੂੰ ,
“ਗੁਣਤੰਤਰ ਦਿਵਸ” ਬਣਾਈਏ ।
ਮੈਂ ਲੱਭਦਾ ਰਿਹਾ ਬਹੁਤ ,
ਪਰ ਉਹ ਜਹਾਨ ਨਾ ਮਿਲਿਆ,
ਮੇਰੇ ਵਤਨ ਵਰਗੀ ਨਾ ਜ਼ਮੀਨ ਮਿਲੀ ,
ਨਾ ਕੋਈ ਅਸਮਾਨ ਮਿਲਿਆ ।
ਅਨੇਕਤਾ ਵਿੱਚ ਏਕਤਾ ਹੀ ਸਾਡੀ ਸ਼ਾਨ ਹੈ ,
ਇਸੇ ਲਈ ਸਾਡਾ ਭਾਰਤ ਮਹਾਨ ਹੈ ।
26 ਜਨਵਰੀ ਨੂੰ ਲਿਖੀ ਗਈ ਇੱਕ ਨਵੀਂ ਕਹਾਣੀ ,
ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਰਚਿਆ ਨਵਾ ਸੰਵਿਧਾਨ ,
ਬੰਦ ਕਰਨ ਲਈ ਮਨਮਾਨੀ ।
ਗਣਤੰਤਰ ਦਿਵਸ ਤੇ ਹੁੰਦੀਆਂ ਨੇ ਸਕੂਲਾਂ ਵਿੱਚ ਪਰੇਡਾਂ ,
ਵੰਡਦੇ ਨੇ ਮਿਠਾਈਆਂ ਤੇ ਹੁੰਦੀਆਂ ਨੇ ਖੇਡਾਂ ।
ਕਰਦੇ ਹਨ ਯਾਦ,
ਦੇਸ਼ ਭਗਤਾਂ ਨੇ ਕੁਰਬਾਨੀਆਂ ਦੇ ਕੇ ਕਰਾਇਆ ਦੇਸ਼ ਆਜ਼ਾਦ ।
ਆਓ ਰਿਸ਼ਵਤ ਖੋਰੀ ,ਜਾਤ ਧਰਮ , ਉਚ ਨੀਚ ,
ਗਰੀਬੀ ਤੇ ਮਹਿੰਗਾਈ ਦੀ ਮਾਰ ਤੋਂ ਬਚਾਈਏ,
ਨਸ਼ਾ ਮੁਕਤ ਸਮਾਜ ਬਣਾਈਏ ।
ਗਣਤੰਤਰ ਦਿਵਸ ਮਨਾਉਂਦਿਆਂ ਕਿੰਨੇ ਖੁਸ਼ ਨੇ ਲੋਕ ,
ਸ਼ਾਲਾ ਇਹ ਖੁਸ਼ੀਆਂ ਅਸਲੀ ਹੀ ਹੋਵਣ ।
ਆਓ ਬਾਬਾ ਸਾਹਿਬ ਰਚਿਤ ਸੰਵਿਧਾਨ ਨੂੰ,
ਸਹੀ ਅਰਥਾਂ ਵਿੱਚ ਲਾਗੂ ਕਰਵਾਈਏ ,
ਗਣਤੰਤਰ ਦਿਵਸ ਨੂੰ ਗੁਣਤੰਤਰ ਦਿਵਸ ਬਣਾਈਏ ।

……

ਸਰਕਾਰੀ ਸਕੂਲ ਬਡਬਰ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਲੌਂਗੋਵਾਲ, 24 ਜਨਵਰੀ (ਜਗਸੀਰ ਸਿੰਘ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ, ਜ਼ਿਲ੍ਹਾ ਬਰਨਾਲਾ ਵਿਖੇ ਐਨ.ਐਸ.ਐਸ ਯੂਨਿਟ ਵੱਲੋਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਬਰਨਾਲਾ ਸ਼੍ਰੀ ਅਰੁਣ ਕੁਮਾਰ ਦੀ ਅਗਵਾਈ ਹੇਠ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਕਿ ਸਕੂਲ ਮੁੱਖੀ ਪਰਮਜੀਤ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਵੋਟਰ ਦਿਵਸ ਦੇ ਮਹੱਤਵ , ਲੋਕਤੰਤਰੀ ਕਦਰਾਂ ਕੀਮਤਾਂ, ਅਠਾਰਾਂ ਸਾਲ ਦੀ ਉਮਰ ਵਿੱਚ ਵੋਟ ਦਾ ਅਧਿਕਾਰ , ਸਵੀਪ ਗਤੀਵਿਧੀਆਂ ਸਬੰਧੀ ਜਾਗਰੂਕ ਕੀਤਾ ਗਿਆ। ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਵੋਟਰ ਦਿਵਸ ਪ੍ਰਣ ਕਰਵਾਇਆ ਗਿਆ। ਇਸ ਮੌਕੇ ਰਿਸ਼ੀ ਕੁਮਾਰ, ਅਵਤਾਰ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਰਿਹਾ।

……

ਲੰਘ ਗਿਆ ਸਾਰਾ ਮੇਲਾ, ਗੇਟਾਂ ’ਤੇ ਨਹੀਂ ਲੱਗਿਆ ਧੇਲਾ : ਢੇਸੀਵਾਲ

-- ਪ੍ਰਸ਼ਾਸ਼ਨਿਕ ਲਾਪ੍ਰਵਾਹੀ ਪ੍ਰਤੱਖ ਸਾਹਮਣੇ ਆਈ --

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਸ੍ਰੀ ਮੁਕਤਸਰ ਸਾਹਿਬ, 24 ਜਨਵਰੀ ( ) ਸਥਾਨਕ ਸ਼ਹਿਰ ਦੀਆਂ ਮੇਨ ਐਂਟਰੀ ਵਾਲੀਆਂ ਸੜਕਾਂ ਉਪਰ ਯਾਦਗਾਰੀ ਗੇਟ ਬਣਵਾਏ ਹੋਏ ਹਨ। ਇਹਨ੍ਹਾਂ ਵਿੱਚੋਂ ਸਫ਼ੇਦ ਰੰਗ ਵਾਲੇ ਗੇਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਲਾਲ ਰੰਗ ਵਾਲੇ ਗੇਟ ਪੰਜਾਬ ਸਰਕਾਰ ਵੱਲੋਂ ਬਣਵਾਏ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਬਣਵਾਏ ਗਏ ਗੇਟਾਂ ਦੀ ਹਾਲਤ ਤਾਂ ਬਹੁਤ ਵਧੀਆ ਹੈ, ਪਰੰਤੂ ਲਾਲ ਰੰਗ ਵਾਲੇ ਸਾਰੇ ਸਰਕਾਰੀ ਗੇਟਾਂ ਦੀ ਹਾਲਤ ਬੇਹੱਦ ਖਸਤਾ ਅਤੇ ਪ੍ਰਸ਼ਾਸ਼ਨਿਕ ਲਾਪ੍ਰਵਾਹੀ ਅਤੇ ਅਣਦੇਖੀ ਦਾ ਜਿਉਂਦਾ ਜਾਗਦਾ ਸਬੂਤ ਹਨ। ਇਹਨਾਂ ਗੇਟਾਂ ਦੀ ਹਾਲਤ ਸੁਧਾਰਨ ਲਈ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਇਹਨਾਂ ਗੇਟਾਂ ਦੀ ਹਾਲਤ ਸੁਧਾਰਨ ਲਈ ਕਈ ਵਾਰ ਜਿਲ੍ਹਾ ਪ੍ਰਸ਼ਾਸਨ ਨਾਲ ਮੁਲਾਕਾਤ ਕਰਕੇ ਲਿਖਤੀ ਬੇਨਤੀ ਕੀਤੀ ਸੀ। ਹੋਰ ਵੀ ਕਈ ਗੈਰ ਸਰਕਾਰੀ ਸਮਾਜ ਸੇਵੀ ਸੰਸਥਾਵਾਂ ਅਤੇ ਸੂਝਵਾਨ ਵਿਅਕਤੀਆਂ ਨੇ ਇਹ ਮਾਮਲਾ ਜਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ, ਪਰੰਤੂ ਕਿਧਰੇ ਕੋਈ ਸੁਣਵਾਈ ਨਹੀਂ ਹੋਈ। ਇਸ ਵਾਰ ਮੇਲੇ ’ਤੇ ਆਮ ਆਦਮੀ ਪਾਰਟੀ ਵੱਲੋਂ ਰਾਜਨੀਤਕ ਕਾਨਫਰੰਸ ਕੀਤੀ ਗਈ ਸੀ। ਇਸ ਕਾਨਫਰੰਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਕਈ ਹੋਰ ਮੰਤਰੀ ਅਤੇ ਪਾਰਟੀ ਦੇ ਅਹੁਦੇਦਾਰ ਸ਼ਾਮਲ ਹੋਏ ਸਨ। ਮੇਲੇ ਦੀ ਤਿਆਰੀ ਅਤੇ ਮੁੱਖ ਮੰਤਰੀ ਦੀ ਆਮਦ ਦੇ ਮੱਦੇ ਨਜ਼ਰ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਟੀਮ ਨੇ ਪੂਰੀ ਨਿਗਰਾਨੀ ਕੀਤੀ ਸੀ। ਮੇਲੇ ਤੋਂ ਪਹਿਲਾਂ ਅਤੇ ਮੁੱਖ ਮੰਤਰੀ ਦੀ ਫੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੁੱਚੇ ਸ਼ਹਿਰ ਨਿਵਾਸੀਆਂ ਨੂੰ ਕੋਟਕਪੂਰਾ ਰੋਡ ਸਥਿਤ ਯਾਦਗਾਰੀ ਗੇਟ, ਜਿਸ ਦੇ ਬਿਲਕੁਲ ਨਾਲ ਮੁੱਖ ਮੰਤਰੀ ਦੀ ਰੈਲੀ ਸੀ, ਸਮੇਤ ਸਾਰੇ ਗੇਟਾਂ ਦੀ ਹਾਲਤ ਸੁਧਾਰਨ ਦੀ ਆਸ ਜਾਗੀ ਸੀ। ਪਰੰਤੂ ਬਦਕਿਸਮਤੀ ਨਾਲ ਇਹਨਾਂ ਗੇਟਾਂ ਵਿੱਚ ਨਾ ਤਾਂ ਮੁੱਖ ਮੰਤਰੀ, ਨਾ ਹੀ ਕਿਸੇ ਹੋਰ ਮੰਤਰੀ ਜਾਂ ਸਿਵਲ ਪ੍ਰਸ਼ਾਸਨ ਦਾ ਧਿਆਨ ਗਿਆ ਅਤੇ ਇਹ ਸਰਕਾਰੀ ਯਾਦਗਾਰੀ ਗੇਟ ਅੱਜ ਤੱਕ ਆਪਣੀ ਦੁਰਦਸ਼ਾ ’ਤੇ ਹੰਝੂ ਵਹਾ ਰਹੇ ਹਨ। ਮਿਸ਼ਨ ਮੁੱਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਇੱਥੇ ਪ੍ਰੈਸ ਨੂੰ ਉਕਤ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ

ਸਰਕਾਰੀ ਯਾਦਗਾਰੀ ਗੇਟਾਂ ਦੀ ਹਾਲਤ ਨਾ ਸੁਧਾਰੇ ਜਾਣਾ ਪ੍ਰਸ਼ਾਸ਼ਨਿਕ ਲਾਪ੍ਰਵਾਹੀ ਦਾ ਜਿਉਂਦਾ ਜਾਗਦਾ ਸਬੂਤ ਹਨ ਜਿਸ ਕਰਕੇ ਆਮ ਲੋਕਾਂ ਵਿੱਚ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ। ਪ੍ਰਧਾਨ ਢੋਸੀਵਾਲ ਨੇ ਜਿਲ੍ਹਾ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਤੋਂ ਮੰਗ ਕੀਤੀ ਹੈ ਕਿ ਸ਼ਹਿਰ ਦੀਆਂ ਐਂਟਰੀ ਵਾਲੀਆਂ ਸਾਰੀਆਂ ਸੜਕਾਂ ਉਪਰ ਲਾਲ ਰੰਗ ਵਾਲੇ ਸਰਕਾਰੀ ਯਾਦਗਾਰੀ ਗੇਟਾਂ ਦੀ ਸਾਰ ਲਈ ਜਾਵੇ ਅਤੇ ਇਨ੍ਹਾਂ ਦੀ ਹਾਲਤ ਤੁਰੰਤ ਸੁਧਾਰੀ ਜਾਵੇ।

ਸਾਹਿਤ ਵਿਚਾਰਾਂ ਦੀ ਦਿਸ਼ਾ ਬਦਲਣ ਦੇ ਸਮਰੱਥ ਹੁੰਦਾ ਹੈ, ਇੰਜੀ. ਜਸਵੀਰ ਮੋਰੋਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾਂ) ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫਤਰ ਬੰਗਾ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗਿਆਨ ਵੰਡਣ ਦੀ ਮੁਹਿੰਮ,ਮੁਫ਼ਤ ਪੁਸਤਕਾਂ ਰਾਹੀਂ ਸ਼ੁਰੂ ਕੀਤੀ ਹੋਈ ਹੈ। ਇਸ ਲੜੀ ਤਹਿਤ ਸੰਸਥਾ ਵਲੋਂ ਸੋਲਵਾਂ ਸਮਾਗਮ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਸੱਲ੍ਹ ਕਲਾਂ ਵਿਖੇ ਕੀਤਾ ਗਿਆ l ਇਸ ਮੌਕੇ ਇੰਜੀ. ਸ੍ਰੀ ਜਸਵੀਰ ਸਿੰਘ ਮੋਰੋਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਤਾਬਾਂ ਵੰਡਣ ਦਾ ਸਿਲਸਿਲਾ ਗਣਤੰਤਰ ਦਿਵਸ ਨੂੰ ਸਮਰਪਿਤ ਸਮਾਗਮ ਕਰਕੇ ਜਨਵਰੀ 2025 ਨੂੰ ਬੇਗੋਵਾਲ ਤੋਂ ਸ਼ੁਰੂ ਕੀਤਾ ਗਿਆ ਸੀl ਹੁਣ ਤੱਕ ਲਗਭਗ ਇੱਕ ਲੱਖ ਰੁਪਏ ਦੇ ਮੁੱਲ ਦੀਆਂ ਕਿਤਾਬਾਂ ਮੁਫ਼ਤ ਵੰਡੀਆਂ ਗਈਆਂ ਹਨ| ਸੰਸਥਾ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਯਤਨਸ਼ੀਲ ਹੈ | ਸਾਹਿਤ ਵਿਚਾਰਾਂ ਦੀ ਦਿਸ਼ਾ ਬਦਲਣ ਦੇ ਸਮਰੱਥ ਹੁੰਦਾ ਹੈ | ਚੰਗੀਆਂ ਕਿਤਾਬਾਂ ਚੰਗਾ ਮਾਹੌਲ ਸਿਰਜਣ ਵਿੱਚ ਸਾਕਾਰਾਤਮਕ ਭੂਮਿਕਾ ਨਿਭਾਉਂਦੀਆਂ ਹਨ | ਡਿਜਿਟਲ ਜ਼ਮਾਨੇ ਵਿੱਚ ਵੀ ਕਿਤਾਬਾਂ ਦੀ ਅਹਿਮੀਅਤ ਬਣੀ ਹੋਈ ਹੈ ਤੇ ਰਹੇਗੀ l ਇਸ ਮੌਕੇ ਸਕੂਲ ਇਨਚਾਰਜ ਸੁਰਿੰਦਰ ਕੌਰ, ਜਸਵੀਰ ਕੌਰ, ਸਰਬਜੀਤ ਕੌਰ ਆਂਗਨਵਾੜੀ ਵਰਕਰ,ਸ੍ਰੀ ਚਰਨਜੀਤ ਸੱਲ੍ਹਾਂ ਪੱਤਰਕਾਰ,ਕਮਲੇਸ਼ ਕੌਰ, ਇੰਦਰਜੀਤ ਕੌਰ, ਅਮਰੀਕ ਕੌਰ ਆਦਿ ਹਾਜ਼ਰ ਸਨ |ਅਧਿਆਪਕਾ ਸੁਰਿੰਦਰ ਕੌਰ ਨੇ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਸਭਨਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਸਮੂਹ ਵਿਦਿਆਰਥੀਆਂ ਨੂੰ ਗਿਆਨ,ਵਿਗਿਆਨ ਨਾਲ ਸੰਬੰਧਿਤ ਮੁਫ਼ਤ ਕਿਤਾਬਾਂ ਵੰਡੀਆਂ ਗਈਆ l

……

ਇਨਰ ਵ੍ਹੀਲ ਕਲੱਬਾਂ ਦੀ ਸਮਾਜ ਸੇਵਾ ਵਿੱਚ ਸਰਗਰਮ ਭਾਗੀਦਾਰੀ ਨੇ ਔਰਤਾਂ ਦਾ ਸਤਿਕਾਰ ਵਧਾਇਆ ਹੈ: ਪ੍ਰੀਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਫਗਵਾੜਾ, 24 ਜਨਵਰੀ (ਸ਼ਿਵ ਕੋੜਾ) ਇਨਰ ਵ੍ਹੀਲ ਕਲੱਬ ਜ਼ਿਲ੍ਹਾ 307 ਦੀ ਜ਼ਿਲ੍ਹਾ ਪ੍ਰਧਾਨ ਪ੍ਰੀਤੀ ਖਜੂਰੀਆ ਨੇ ਫਗਵਾੜਾ ਦਾ ਅਧਿਕਾਰਤ ਦੌਰਾ ਕੀਤਾ। ਸਮਾਰੋਹ ਦੌਰਾਨ ਉਨ੍ਹਾਂ ਨੇ ਇਨਰ ਵ੍ਹੀਲ ਕਲੱਬ ਫਗਵਾੜਾ ਅਤੇ ਇਨਰ ਵ੍ਹੀਲ ਕਲੱਬ ਸ਼ਾਈਨਿੰਗ ਸਟਾਰ ਫਗਵਾੜਾ ਦੀਆਂ ਸਮਾਜ ਸੇਵਾ ਗਤੀਵਿਧੀਆਂ ਦਾ ਜਾਇਜ਼ਾ ਲਿਆ। ਫਗਵਾੜਾ ਪਹੁੰਚਣ ’ਤੇ, ਇਨਰ ਵ੍ਹੀਲ ਕਲੱਬ ਫਗਵਾੜਾ ਸ਼ਾਖਾ ਦੀ ਪ੍ਰਧਾਨ ਭਾਰਤੀ ਰਾਓ ਅਤੇ ਸ਼ਾਈਨਿੰਗ ਸਟਾਰ ਦੀ ਪ੍ਰਧਾਨ ਸਵਿਤਾ ਪਵਾਰ ਨੇ ਉਨ੍ਹਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ। ਪਹਿਲਾ ਸਮਾਰੋਹ ਇੱਕ ਕਾਲਰਿੰਗ ਸਮਾਰੋਹ ਸੀ, ਜਿਸ ਵਿੱਚ ਜ਼ਿਲ੍ਹਾ ਆਈਐਸਓ ਡਾ. ਸੀਮਾ ਰਾਜਨ ਨੇ ਜ਼ਿਲ੍ਹਾ ਪ੍ਰਧਾਨ ਪ੍ਰੀਤੀ ਖਜੂਰੀਆ ਨੂੰ ਕਾਲਰ ਨਾਲ ਸਨਮਾਨਿਤ ਕੀਤਾ, ਜਦੋਂ ਕਿ ਕਲੱਬ ਸਕੱਤਰ ਸੀਮਾ ਸ਼ਰਮਾ ਨੇ ਭਾਰਤੀ ਰਾਓ ਨੂੰ ਕਾਲਰ ਅਤੇ ਮੁਕਤੀ ਪੱਬੀ ਨੇ ਸਵਿਤਾ ਪਵਾਰ ਨੂੰ ਕਾਲਰ ਭੇਟ ਕੀਤਾ। ਇਸ ਤੋਂ ਬਾਅਦ ਪ੍ਰੋਗਰਾਮ ਦਾ ਰਸਮੀ ਉਦਘਾਟਨ ਸ਼੍ਰੀਮਤੀ ਖਜੂਰੀਆ, ਡਾ. ਸੀਮਾ ਰਾਜਨ ਅਤੇ ਪੀਡੀਸੀ ਕੇਸ਼ਲਤਾ ਬਿਮਰਾ ਦੁਆਰਾ ਸਾਂਝੇ ਤੌਰ ’ਤੇ ਦੀਵਾ ਜਗਾ ਕੇ ਕੀਤਾ ਗਿਆ। ਕਲੱਬ ਸਕੱਤਰ ਸੀਮਾ ਸ਼ਰਮਾ ਨੇ ਕਲੱਬ ਦੀ ਛੇ ਮਹੀਨਿਆਂ ਦੀ ਪੀਪੀਟੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਇਸਦੀਆਂ ਟਿਕਾਊ ਅਤੇ ਸਮਾਜ ਸੇਵਾ ਗਤੀਵਿਧੀਆਂ, ਵਿਦਿਅਕ ਪ੍ਰੋਜੈਕਟਾਂ ਅਤੇ ਸਾਲ ਭਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਗਿਆ। ਆਈਐਸਓ ਮੈਂਬਰ ਸੋਨਮ ਸਹਿਦੇਵ ਨੇ ਸਾਲ ਭਰ ਹੋਏ ਝੰਡੇ ਦੇ ਆਦਾਨ-ਪ੍ਰਦਾਨ ਸਮਾਗਮਾਂ ’ਤੇ ਚਾਨਣਾ ਪਾਇਆ। ਕਲੱਬ ਦੇ ਖਜ਼ਾਨਚੀ ਸਰੋਜ ਪੱਬੀ ਨੇ ਪ੍ਰਾਪਤ ਹੋਏ ਦਾਨ ਅਤੇ ਵੱਖ-ਵੱਖ ਸੇਵਾ ਪ੍ਰੋਜੈਕਟਾਂ ’ਤੇ ਹੋਏ ਖਰਚਿਆਂ ਦਾ ਵਿਸਤ੍ਰਿਤ ਵਿੱਤੀ ਬਿਆਨ ਪੇਸ਼ ਕੀਤਾ। ਫਗਵਾੜਾ ਸ਼ਾਖਾ ਦੇ ਪ੍ਰਧਾਨ ਭਾਰਤੀ ਰਾਓ ਨੇ ਦਰਸ਼ਕਾਂ ਨੂੰ ਟਿਕਾਊ ਪ੍ਰੋਜੈਕਟਾਂ ਦਾ ਸੰਖੇਪ ਜਾਣਕਾਰੀ ਪੇਸ਼ ਕੀਤੀ, ਜਿਸ ਵਿੱਚ ਦੱਸਿਆ ਗਿਆ ਕਿ ਪਿਛਲੇ 12 ਸਾਲਾਂ ਤੋਂ ਚੱਲ ਰਹੇ ਗਊਸ਼ਾਲਾ ਪ੍ਰੋਜੈਕਟ ਨੂੰ ਕਲੱਬ ਦੀ ਉਪ-ਪ੍ਰਧਾਨ ਚੰਦਰਰੇਖਾ ਸੰਧੀਰ ਦੁਆਰਾ ਸਾਲਾਨਾ ਫੰਡ ਦਿੱਤਾ ਜਾਂਦਾ ਹੈ। ਸਿਲਾਈ ਸੈਂਟਰ, ਇੱਕ ਟਿਕਾਊ ਪ੍ਰੋਜੈਕਟ, ਪਿਛਲੇ 15 ਸਾਲਾਂ ਤੋਂ ਚੱਲ ਰਿਹਾ ਹੈ। ਇਸ ਸਾਲ, ਸੋਨਮ ਸਹਿਦੇਵ, ਵਿੰਮੀ ਸ਼ਰਮਾ ਅਤੇ ਨੀਲਮ ਧੀਮਾਨ ਨੇ ਔਰਤਾਂ ਨੂੰ ਸਸ਼ਕਤ ਬਣਾਉਣ ਲਈ ਦੋ ਸਿਲਾਈ ਮਸ਼ੀਨਾਂ ਅਤੇ ਇੱਕ ਸਿਲਾਈ ਮਸ਼ੀਨ ਫੁੱਟ ਪੈਡਲ ਦਾਨ ਕੀਤਾ। ਇਸ ਤੋਂ ਇਲਾਵਾ, ਕਲੱਬ ਮੈਂਬਰਾਂ ਦੁਆਰਾ 15 ਸੂਟ ਡਰੈੱਸ ਸਮੱਗਰੀ ਅਤੇ ਸਿਲਾਈ ਸਮੱਗਰੀ ਦਾਨ ਕੀਤੀ ਗਈ। ਲਾਵਾਰਿਸ ਲਾਸ਼ਾਂ ਲਈ ਕਫਨ ਵੰਡ ਪ੍ਰੋਜੈਕਟ ਦੇ ਹਿੱਸੇ ਵਜੋਂ, ਕਲੱਬ ਮੈਂਬਰਾਂ ਨੇ ਜੀਆਰਪੀ ਨੂੰ 50 ਕਫਨ (ਚਾਦਰਾਂ) ਦਾਨ ਕੀਤੇ। ਇਸ ਤੋਂ ਇਲਾਵਾ, ਐਜੂਕੇਸ਼ਨ ਸਪੋਰਟ ਪ੍ਰੋਜੈਕਟ ਦੇ ਤਹਿਤ, ਫਗਵਾੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ, ਮਨਸਾ ਦੇਵੀ ਨਗਰ ਵਿਖੇ ਇੱਕ ਸ਼ੈੱਡ ਦੇ ਨਿਰਮਾਣ ਲਈ ₹25,000 ਦੀ ਗ੍ਰਾਂਟ ਪ੍ਰਦਾਨ ਕੀਤੀ ਗਈ, ਜਿਸ ਵਿੱਚ ਜਸਬੀਰ ਮਲਿਕ ਨੇ ਸਭ ਤੋਂ ਵੱਧ ਯੋਗਦਾਨ ਪਾਇਆ। ਸਵਿਤਾ ਪਵਾਰ ਨੇ ਦੱਸਿਆ ਕਿ ਇਨਰ ਵ੍ਹੀਲ ਕਲੱਬ ਸ਼ਾਈਨਿੰਗ ਸਟਾਰ ਦੇ ਮੁੱਖ ਪ੍ਰੋਜੈਕਟਾਂ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਸਟੇਸ਼ਨਰੀ, ਕਿਤਾਬਾਂ ਅਤੇ ਜੁੱਤੇ ਪ੍ਰਦਾਨ ਕਰਨਾ ਸ਼ਾਮਲ ਹੈ, ਨਾਲ ਹੀ ਇੱਕ ਲੋੜਵੰਦ ਗਲੀ ਵਿਕਰੇਤਾ ਨੂੰ ਗਰਮੀ ਤੋਂ ਬਚਾਉਣ ਲਈ ਇੱਕ ਬ੍ਰਾਂਡ ਵਾਲੀ ਛੱਤਰੀ ਵੀ ਸ਼ਾਮਲ ਹੈ। ਪ੍ਰੋਗਰਾਮ ਦੌਰਾਨ, ਪੀਡੀਸੀ ਕੇਸ਼ਲਤਾ ਬਿਮਰਾ ਨੇ ਕਲੱਬ ਦੇ ਸ਼ਾਨਦਾਰ ਇਤਿਹਾਸ ’ਤੇ ਚਾਨਣਾ ਪਾਇਆ ਅਤੇ ਇਨਰ ਵ੍ਹੀਲ ਕਲੱਬ ਦੇ ਉੱਜਵਲ ਅਤੇ ਪ੍ਰਗਤੀਸ਼ੀਲ ਭਵਿੱਖ ਦੀ ਕਾਮਨਾ ਕੀਤੀ। ਜ਼ਿਲ੍ਹਾ ਪ੍ਰਧਾਨ ਪ੍ਰੀਤੀ ਖਜੂਰੀਆ ਨੇ ਇਨਰ ਵ੍ਹੀਲ ਕਲੱਬ ਫਗਵਾੜਾ ਦੇ ਸਮਾਜਿਕ ਕਾਰਜਾਂ ਨੂੰ ਇੱਕ ਮੀਲ ਪੱਥਰ ਦੱਸਦਿਆਂ ਕਿਹਾ ਕਿ ਕਲੱਬ ਦੀ ਸਮਾਜ ਸੇਵਾ ਵਿੱਚ ਸਰਗਰਮ ਭਾਗੀਦਾਰੀ ਨੇ ਫਗਵਾੜਾ ਵਿੱਚ ਔਰਤਾਂ ਦੇ ਸਨਮਾਨ ਵਿੱਚ ਕਾਫ਼ੀ ਵਾਧਾ ਕੀਤਾ ਹੈ। ਜਿਸ ਲਈ ਕਲੱਬ ਦੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ। ਪ੍ਰੋਗਰਾਮ ਦੇ ਅੰਤ ਵਿੱਚ, ਕਲੱਬ ਦੀ ਉਪ ਪ੍ਰਧਾਨ ਚੰਦਰਰੇਖਾ ਸੰਧੀਰ ਨੇ ਸਾਰੇ ਮਹਿਮਾਨਾਂ ਅਤੇ ਮੌਜੂਦ ਮੈਂਬਰਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਕੁਸ਼ਲਤਾ ਨਾਲ ਮੇਜ਼ਬਾਨੀ ਡਾ. ਭੁਪਿੰਦਰ ਕੌਰ ਨੇ ਕੀਤੀ। ਇਸ ਮੌਕੇ ਸੁਮਿਤਾ ਪਰਾਸ਼ਰ, ਅਨੀਤਾ ਮਲਹੋਤਰਾ, ਸਰੋਜ ਗੁਪਤਾ, ਸਵਿਤਾ, ਨੀਰੂ ਗਿੱਲ, ਵਿੰਮੀ ਸ਼ਰਮਾ, ਪਿੰਕੀ ਕਵਾਤਰਾ, ਅੰਜੂ ਸ਼ਰਮਾ, ਨੀਨਾ ਢੀਂਗਰਾ, ਬਲਵਿੰਦਰ ਰਿਆਤ, ਡਾ: ਦਵਿੰਦਰ, ਮਧੂ ਗਰੋਵਰ ਅਤੇ ਮੋਨਿਕਾ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ

ਕੇਂਦਰੀ ਯੂਨੀਵਰਸਿਟੀ ਨੇ ਹਾਸਿਲ ਕੀਤਾ 251–300 ਗਲੋਬਲ ਰੈਂਕ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਬਠਿੰਡਾ, 24 ਜਨਵਰੀ (ਅੰਗਰੇਜ ਸਿੰਘ ਵਿੱਕੀ) ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂ ਪੰਜਾਬ) ਨੇ ਦ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਬਾਇ ਸਬਜੈਕਟ 2026 ਵਿੱਚ ਮੈਡੀਸਿਨ ਅਤੇ ਹੈਲਥ ਸ਼੍ਰੇਣੀ ਵਿੱਚ ਮਹੱਤਵਪੂਰਨ 251–300 ਗਲੋਬਲ ਰੈਂਕ ਬੈਂਡ ਵਿੱਚ ਸਥਾਨ ਹਾਸਲ ਕਰਕੇ ਇਕ ਵੱਡੀ ਉਪਲਬਧੀ ਦਰਜ ਕੀਤੀ ਹੈ। ਯੂਨੀਵਰਸਿਟੀ ਨੂੰ ਇਸ ਸ਼੍ਰੇਣੀ ਦੇ ਰਿਸਰਚ ਕਵਾਲਿਟੀ ਪੈਰਾਮੀਟਰ ਵਿੱਚ 85.2 ਦਾ ਸ਼ਾਨਦਾਰ ਸਕੋਰ ਮਿਲਿਆ ਹੈ, ਜੋ ਇਸ ਸ਼੍ਰੇਣੀ ਵਿੱਚ ਆਂਕੀ ਗਈਆਂ ਉੱਚ ਸਿੱਖਿਆ ਸੰਸਥਾਵਾਂ ਵਿਚ ਇਸ ਦੀ ਮਜ਼ਬੂਤ ਖੋਜ ਸਮਰੱਥਾ ਨੂੰ ਦਰਸਾਉਂਦਾ ਹੈ।ਇਸ ਵਿਸ਼ਾ-ਆਧਾਰਿਤ ਗਲੋਬਲ ਰੈਂਕਿੰਗ ਵਿੱਚ ਸੀਯੂ ਪੰਜਾਬ ਨੂੰ ਫਿਜ਼ਿਕਲ ਸਾਇੰਸਜ਼ ਵਿੱਚ 401–500 ਗਲੋਬਲ ਰੈਂਕ ਬੈਂਡ ਅਤੇ ਲਾਈਫ ਸਾਇੰਸਜ਼ ਵਿੱਚ 601–800 ਗਲੋਬਲ ਰੈਂਕ ਬੈਂਡ ਵੀ ਪ੍ਰਾਪਤ ਹੋਇਆ ਹੈ। ਸਮੁੱਚੇ ਤੌਰ 'ਤੇ ਵੀ ਯੂਨੀਵਰਸਿਟੀ ਨੇ ਦ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ 601–800 ਗਲੋਬਲ ਰੈਂਕ ਬੈਂਡ ਨਾਲ ਆਪਣੀ ਮਜ਼ਬੂਤ ਅੰਤਰਰਾਸ਼ਟਰੀ ਹਾਜ਼ਰੀ ਕਾਇਮ ਰੱਖੀ ਹੈ।ਮੈਡੀਸਿਨ ਅਤੇ ਹੈਲਥ ਸ਼੍ਰੇਣੀ ਵਿੱਚ ਸੀਯੂ ਪੰਜਾਬ ਤੋਂ ਇਲਾਵਾ ਸੇਵਿਥਾ ਇੰਸਟੀਚਿਊਟ ਆਫ ਹੈਲਥ ਸਾਇੰਸਜ਼ ਹੀ ਇਕੋ-ਇਕ ਹੋਰ ਭਾਰਤੀ ਸੰਸਥਾ ਹੈ, ਜਿਸ ਨੂੰ 251–300 ਗਲੋਬਲ ਰੈਂਕ ਬੈਂਡ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਉਪਲਬਧੀ ਮੈਡੀਕਲ ਅਤੇ ਹੈਲਥ ਸਾਇੰਸਜ਼ ਦੇ ਅਧਿਆਪਨ ਅਤੇ ਖੋਜ ਖੇਤਰ ਵਿੱਚ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਧਦੇ ਪ੍ਰਭਾਵ ਨੂੰ ਰੋਸ਼ਨ ਕਰਦੀ ਹੈ।ਫਿਜ਼ਿਕਲ ਸਾਇੰਸਜ਼ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ 401–500 ਰੈਂਕ ਬੈਂਡ ਹਾਸਲ ਕਰਕੇ ਪੰਜਾਬ ਕੇਂਦਰੀ ਯੂਨੀਵਰਸਿਟੀ ਇਕ ਵਿਸ਼ੇਸ਼ ਸਮੂਹ ਵਿੱਚ ਸ਼ਾਮਲ ਹੋ ਗਈ ਹੈ, ਜਿੱਥੇ ਭਾਰਤ ਤੋਂ ਕੇਵਲ ਸੱਤ ਹੋਰ ਉੱਚ ਸਿੱਖਿਆ ਸੰਸਥਾਵਾਂ ਹੀ ਗਲੋਬਲ ਟੌਪ 500 ਵਿੱਚ ਸ਼ਾਮਲ ਹਨ। ਇਸੇ ਤਰ੍ਹਾਂ, ਲਾਈਫ ਸਾਇੰਸਜ਼ ਵਿੱਚ 601–800 ਰੈਂਕ ਬੈਂਡ ਦੇ ਨਾਲ ਸੀਯੂ ਪੰਜਾਬ ਭਾਰਤ ਦੀਆਂ ਉਹਨਾਂ ਸਿਖਰਲੀਆਂ 28 ਸੰਸਥਾਵਾਂ ਵਿੱਚ ਸ਼ਾਮਲ ਹੋ ਗਈ ਹੈ, ਜਿਨ੍ਹਾਂ ਨੂੰ ਵਿਸ਼ਵ ਦੇ ਟੌਪ 800 ਵਿੱਚ ਸਥਾਨ ਪ੍ਰਾਪਤ ਹੋਇਆ ਹੈ। ਇਸ ਸ਼੍ਰੇਣੀ ਵਿੱਚ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਭਾਰਤੀ ਵਿਗਿਆਨ ਸੰਸਥਾਨ ਭਾਰਤੀ ਸੰਸਥਾਵਾਂ ਦੀ ਅਗਵਾਈ ਕਰਦੇ ਹੋਏ 201–250 ਗਲੋਬਲ ਰੈਂਕ ਬੈਂਡ ਵਿੱਚ ਸ਼ਾਮਲ ਹਨ।ਰੈਂਕਿੰਗਜ਼ 'ਦਾ ਸਵਾਗਤ ਕਰਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਕਿਹਾ ਕਿ ਖੋਜ ਆਉਟਪੁੱਟ ਅਤੇ ਸਾਈਟੇਸ਼ਨ ਵਿੱਚ ਸੀਯੂ ਪੰਜਾਬ ਦੀ ਲਗਾਤਾਰ ਪ੍ਰਗਤੀ ਉਸਦੇ ਮਜ਼ਬੂਤ ਅਤੇ ਉੱਚ ਗੁਣਵੱਤਾ ਵਾਲੇ ਖੋਜ ਪਰਿਸਥਿਤਿਕ ਤੰਤਰ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਉਪਲਬਧੀ ਯੂਨੀਵਰਸਿਟੀ ਦੇ ਅਧਿਆਪਕਾਂ, ਖੋਜਾਰਥੀਆਂ, ਵਿਦਿਆਰਥੀਆਂ ਅਤੇ ਸਾਰੇ ਹਿੱਸੇਦਾਰਾਂ ਦੇ ਲਗਾਤਾਰ ਅਤੇ ਸਾਂਝੇ ਯਤਨਾਂ ਦਾ ਨਤੀਜਾ ਹੈ ਅਤੇ ਉੱਚ ਸਿੱਖਿਆ ਤੇ ਖੋਜ ਵਿੱਚ ਸ਼੍ਰੇਸ਼ਠਤਾ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਮੁੜ ਸਾਬਤ ਕਰਦੀ ਹੈ।ਦ ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਬਾਇ ਸਬਜੈਕਟ 2026 ਵਿੱਚ ਮੈਡੀਸਿਨ ਅਤੇ ਹੈਲਥ, ਫਿਜ਼ਿਕਲ ਸਾਇੰਸਜ਼ ਅਤੇ ਲਾਈਫ ਸਾਇੰਸਜ਼ ਦੇ ਅਗੇਤਰੀ ਗਲੋਬਲ ਰੈਂਕ ਬੈਂਡਾਂ ਵਿੱਚ ਪੰਜਾਬ ਕੇਂਦਰੀ ਯੂਨੀਵਰਸਿਟੀ ਦੀ ਸ਼ੁਮਿਲਿਆਤ ਯੂਨੀਵਰਸਿਟੀ ਦੀ ਵਧਦੀ ਪ੍ਰਤਿਸ਼ਠਾ, ਖੋਜ ਉਤਕ੍ਰਿਸ਼ਟਤਾ ਅਤੇ ਗਲੋਬਲ ਪੱਧਰ 'ਤੇ ਗੁਣਵੱਤਾਪੂਰਣ ਉੱਚ ਸਿੱਖਿਆ ਅਤੇ ਪ੍ਰਭਾਵਸ਼ਾਲੀ ਖੋਜ ਨੂੰ ਅੱਗੇ ਵਧਾਉਣ ਦੀ ਉਸਦੀ ਦ੍ਰਿੜ੍ਹ ਵਚਨਬੱਧਤਾ ਦਾ ਮਜ਼ਬੂਤ ਪ੍ਰਮਾਣ ਹੈ।

……

ਮਿੱਥਿਆ ਅੱਤਵਾਦੀ ਹਮਲਾ ਟਲ਼ਿਆ; ਹੁਸ਼ਿਆਰਪੁਰ ਤੋਂ ਚਾਰ ਬੀ.ਕੇ. ਆਈ. ਕਾਰਕੁੰਨ ਆਈ.ਈ.ਡੀ. ਅਤੇ ਦੋ ਪਿਸਤੌਲਾਂ ਸਮੇਤ ਕਾਬੂ*

ਅਮਰੀਕਾ-ਅਧਾਰਤ ਬੀ.ਕੇ.ਆਈ. ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਗ੍ਰਿਫ਼ਤਾਰ ਕੀਤੇ ਵਿਅਕਤੀ: ਡੀ.ਜੀ.ਪੀ. ਗੌਰਵ ਯਾਦਵ.,,, ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਹਥਿਆਰ ਪ੍ਰਾਪਤ ਕਰਨ ਅਤੇ ਲੌਜਿਸਟਿਕਸ ਪ੍ਰਬੰਧਨ ਦਾ ਸੌਂਪਿਆ ਗਿਆ ਸੀ ਕੰਮ : ਐਸ.ਐਸ.ਪੀ. ਹੁਸ਼ਿਆਰਪੁਰ ਸੰਦੀਪ ਮਲਿਕ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਹੁਸ਼ਿਆਰਪੁਰ, 23 ਜਨਵਰੀ (ਤਰਸੇਮ ਦੀਵਾਨਾ) - ਗਣਤੰਤਰ ਦਿਵਸ ਦੇ ਮੱਦੇਨਜ਼ਰ ਪਾਕਿਸਤਾਨ ਦੇ ਆਈ.ਐਸ.ਆਈ. ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਤਹਿਤ ਹੁਸ਼ਿਆਰਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ (ਸੀ.ਆਈ.), ਜਲੰਧਰ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਪਾਬੰਦੀਸ਼ੁਦਾ ਸੰਗਠਨ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਸਬੰਧਤ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸ ਮਾਡਿਊਲ ਦੇ ਚਾਰ ਕਾਰਕੁੰਨਾਂ ਨੂੰ, ਲਗਭਗ 2.5 ਕਿਲੋ ਵਜ਼ਨ ਵਾਲੇ ਆਰ.ਡੀ.ਐਕਸ.-ਅਧਾਰਤ ਇਮਪ੍ਰੋਵਾਈਜ਼ਡ ਵਿਸਫੋਟਕ ਡਿਵਾਈਸ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦਿਲਜੋਤ ਸਿੰਘ, ਹਰਮਨ ਸਿੰਘ ਉਰਫ਼ ਹੈਰੀ ਉਰਫ਼ ਹਰੀ, ਅਜੈ ਉਰਫ਼ ਮਹਿਰਾ ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਕੰਡੋਲਾ ਵਜੋਂ ਹੋਈ ਹੈ, ਇਹ ਸਾਰੇ ਐਸ.ਬੀ.ਐਸ. ਨਗਰ ਦੇ ਰਾਹੋਂ ਦੇ ਰਹਿਣ ਵਾਲੇ ਹਨ। ਆਰਡੀਐਕਸ-ਅਧਾਰਤ ਆਈ.ਈ.ਡੀ. ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਮਾਡਿਊਲ ਅਮਰੀਕਾ-ਅਧਾਰਤ ਬੀ.ਕੇ.ਆਈ. ਹੈਂਡਲਰਾਂ ਦੁਆਰਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤਾ ਗਿਆ ਆਈ.ਈ.ਡੀ. ਆਉਣ ਵਾਲੇ ਗਣਤੰਤਰ ਦਿਵਸ ਦੇ ਜਸ਼ਨਾਂ ਦੇ ਮੱਦੇਨਜ਼ਰ ਮਿੱਥ ਕੇ ਅੱਤਵਾਦੀ ਹਮਲਾ ਕਰਨ ਲਈ ਵਰਤਿਆ ਜਾਣਾ ਸੀ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅੱਗੇ ਅਤੇ ਪਿੱਛੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਹੁਸ਼ਿਆਰਪੁਰ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਸੰਦੀਪ ਮਲਿਕ ਨੇ ਕਿਹਾ ਕਿ ਖੁਫੀਆ ਕਾਰਵਾਈ ਵਿੱਚ, ਹੁਸ਼ਿਆਰਪੁਰ ਪੁਲਿਸ ਅਤੇ ਸੀਆਈ ਜਲੰਧਰ ਦੀਆਂ ਟੀਮਾਂ ਨੇ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਆਰਡੀਐਕਸ-ਅਧਾਰਤ ਆਈਈਡੀ ਅਤੇ ਦੋ ਪਿਸਤੌਲ ਬਰਾਮਦ ਕੀਤੇ ਹਨ।

ਐਸਐਸਪੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਵਿਦੇਸ਼ੀ ਅਧਾਰਤ ਬੀਕੇਆਈ ਹੈਂਡਲਰਾਂ ਨੇ ਇੱਕ ਮਾਡਿਊਲ ਸਥਾਪਤ ਕੀਤਾ ਸੀ, ਜਿਸਨੂੰ ਅੰਮ੍ਰਿਤਸਰ ਦਿਹਾਤੀ ਦੇ ਸਰਹੱਦੀ ਖੇਤਰਾਂ ਰਾਹੀਂ ਹਥਿਆਰਾਂ ਦੀ ਤਸਕਰੀ ਕਰਨ ਤੋਂ ਬਾਅਦ ਹਥਿਆਰ ਪ੍ਰਾਪਤ ਕਰਨ ਅਤੇ ਲੌਜਿਸਟਿਕਸ ਪ੍ਰਬੰਧਨ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਪੁਲਿਸ ਥਾਣੇ ਵਿਖੇ ਬੀਐਨਐਸ ਦੀਆਂ ਧਾਰਾਵਾਂ 113(1) ਅਤੇ 113(3), ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 25(1ਬੀ)(ਏ) ਅਤੇ ਭਾਰਤੀ ਵਿਸਫੋਟਕ ਐਕਟ ਦੀਆਂ ਧਾਰਾਵਾਂ 4 ਅਤੇ 5 ਤਹਿਤ ਐਫਆਈਆਰ ਨੰਬਰ 11 ਮਿਤੀ 23/01/2026 ਦਰਜ ਕੀਤੀ ਗਈ ਹੈ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਅਗਵਾਈ ਹੇਠ ਸਿਹਤ ਯੋਜਨਾ ਰਜਿਸਟਰੇਸ਼ਨ ਦੇ ਕਾਰਜ ਜਾਰੀ : ਆਪ ਆਗੂ ਗੁਰਜੰਟ ਖਾਨ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਲੌਂਗੋਵਾਲ,24 ਜਨਵਰੀ (ਜਗਸੀਰ ਸਿੰਘ)- ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਯੋਗ ਅਗਵਾਈ ਹੇਠ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲਾਭਪਾਤਰੀਆਂ ਦੀ ਰਜਿਸਟਰੇਸ਼ਨ ਦਾ ਕਾਰਜ ਘਰ-ਘਰ ਜਾ ਕੇ ਸ਼ੁਰੂ ਕੀਤਾ ਜਾ ਚੁੱਕਾ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਜੰਟ ਖਾਂ ਲੌਂਗੋਵਾਲ ਨੇ ਪ੍ਰੈਸ ਬਿਆਨ ਰਾਹੀਂ ਕੀਤਾ । ਉਹਨਾਂ ਦੱਸਿਆ ਕਿ ਸ੍ਰੀ ਅਮਨ ਅਰੋੜਾ ਨੇ ਸਮੁੱਚੇ ਸੁਨਾਮ ਹਲਕੇ ਦੇ ਨਾਲ ਨਾਲ ਕਸਬੇ ਲੌਂਗੋਵਾਲ ਵਿੱਚ ਵਿਕਾਸ ਕਾਰਜਾਂ ਦੀ ਝੜੀ ਲਗਾ ਦਿੱਤੀ ਹੈ ਮੰਤਰੀ ਸਾਹਿਬ ਖੁਦ ਹਲਕੇ ਦਿਨ ਰਾਤ ਵਿਚਰ ਕੇ ਲੋਕਾਂ ਦੇ ਸੁੱਖ- ਦੁੱਖ ਅਤੇ ਕਾਰਜਾਂ ਨੂੰ ਨੇਪਰੇ ਚਾੜ੍ਹ ਰਹੇ ਹਨ ਤੇ ਹੁਣ ਉਹਨਾਂ ਦੀਆਂ ਹਦਾਇਤਾਂ ਅਨੁਸਾਰ ਸਿਹਤ ਯੋਜਨਾ ਰਜਿਸਟਰੇਸ਼ਨ ਦਾ ਕਾਰਜ ਵੀ ਨਿਰੰਤਰ ਕੀਤਾ ਜਾ ਰਿਹਾ ਹੈ, ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਹਰ ਪਰਿਵਾਰ ਨੂੰ ਦਸ ਲੱਖ ਰੁਪਏ ਤੱਕ ਮੁਫਤ ਇਲਾਜ ਮਿਲੇਗਾ ਤੇ ਨਿੱਜੀ ਹਸਪਤਾਲਾਂ ਦੇ ਦਰਵਾਜੇ ਆਮ ਲੋਕਾਂ ਲਈ ਖੋਲ ਦਿੱਤੇ ਗਏ ਹਨ । ਸਿਹਤ ਯੋਜਨਾ ਤੋਂ ਇਲਾਵਾ ਪਹਿਲਾਂ ਲੌਂਗੋਵਾਲ ਵਿੱਚ ਆਧੁਨਿਕ ਬੱਸ ਸਟੈਂਡ, ਆਲੇ ਦੁਆਲੇ ਦੇ ਪਿੰਡਾਂ ਨੂੰ ਜੋੜਨ ਵਾਲੇ ਫੁੱਲ, ਸਿੱਖਿਆ ਦੇ ਖੇਤਰ ਵਿੱਚ ਆਧੁਨਿਕ ਸਕੂਲ ਅਤੇ ਹੋਰ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ ,ਆਧੁਨਿਕ ਲਾਇਬਰੇਰੀ, ਮੁਹੱਲਾ ਕਲੀਨਿਕ ਆਦਿ ਵਿਕਾਸ ਦੇ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ।

……

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਹਲਕਾ ਸੁਨਾਮ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੀ ਰਜਿਸਟਰੇਸ਼ਨ ਕਰਵਾਈ ਸ਼ੁਰੂ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਸੁਨਾਮ ਊਧਮ ਸਿੰਘ ਵਾਲਾ, 23 ਜਨਵਰੀ (ਜਗਸੀਰ ਸਿੰਘ) - ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਵਿਧਾਨ ਸਭਾ ਹਲਕਾ ਸੁਨਾਮ ਵਿੱਚ ਲਾਭਪਾਤਰੀਆਂ ਦੀ ਰਜਿਸਟਰੇਸ਼ਨ ਕਰਨ ਦਾ ਕੰਮ ਅੱਜ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਉਹਨਾਂ ਨੇ ਗੁਰੂਦੁਆਰਾ ਸਾਹਿਬ ਕੋਕੋ ਮਾਜਰੀ ਵਿਖੇ ਮੱਥਾ ਟੇਕਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਇਲਾਕੇ ਦੇ ਘਰਾਂ ਵਿੱਚ ਖੁਦ ਜਾ ਕੇ ਰਜਿਸਟ੍ਰੇਸ਼ਨ ਦਾ ਕੰਮ ਸ਼ੁਰੂ ਕਰਵਾਇਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ। ਉਹਨਾਂ ਕਿਹਾ ਕਿ ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਹਰੇਕ ਸੂਬਾ ਵਾਸੀ ਲਈ ਮੁਫਤ ਸਿਹਤ ਸੰਭਾਲ, ਮੁਫਤ ਸਿੱਖਿਆ, ਮੁਫ਼ਤ ਬਿਜਲੀ ਅਤੇ ਮੁਫ਼ਤ ਬੱਸ ਯਾਤਰਾ ਦੀ ਗਰੰਟੀ ਦਿੱਤੀ ਹੈ। ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਵਿੱਚੋਂ ਇੱਕ ਸਿਹਤ ਗਾਰੰਟੀ ਸੀ ਕਿ ਪੰਜਾਬ ਦੇ ਹਰ ਵਿਅਕਤੀ ਅਤੇ ਹਰ ਨਾਗਰਿਕ ਲਈ ਮੁਫ਼ਤ ਅਤੇ ਮਿਆਰੀ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸਰਕਾਰ ਨੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਲਗਭਗ 1,000 ਮੁਹੱਲਾ ਕਲੀਨਿਕ ਬਣਾਏ ਹਨ। ਪਿਛਲੇ 75 ਸਾਲਾਂ ਵਿੱਚ, ਸਾਰੀਆਂ ਸਰਕਾਰਾਂ ਨੇ ਮਿਲ ਕੇ ਸਿਰਫ਼ 400 ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹੇ ਹਨ, ਜਦੋਂ ਕਿ ਮੌਜੂਦਾ ਸਰਕਾਰ ਨੇ ਸਿਰਫ਼ ਚਾਰ ਸਾਲਾਂ ਵਿੱਚ 1,000 ਮੁਹੱਲਾ ਕਲੀਨਿਕ ਬਣਾਏ ਹਨ, ਅਤੇ ਹੋਰ 500 ਨਿਰਮਾਣ ਅਧੀਨ ਹਨ। ਅਗਲੇ ਚਾਰ ਤੋਂ ਪੰਜ ਮਹੀਨਿਆਂ ਵਿੱਚ, 2,500 'ਪਿੰਡ ਕਲੀਨਿਕ' ਖੋਲ੍ਹੇ ਜਾਣਗੇ। ਉਹਨਾਂ ਕਿਹਾ ਕਿ ਪਹਿਲਾਂ, ਪੰਜਾਬ ਦੇ ਸਰਕਾਰੀ ਹਸਪਤਾਲਾਂ ਨੂੰ ਡਾਕਟਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪਿਆ ਸੀ। ਪਿਛਲੇ ਚਾਰ ਸਾਲਾਂ ਵਿੱਚ, 1100 ਮਾਹਰ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ, ਅਤੇ ਹੁਣ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਹੈ। ਕਈ ਵਾਰ ਕੋਈ ਬਿਮਾਰੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਕਿਸੇ ਨੂੰ ਪ੍ਰਾਈਵੇਟ ਹਸਪਤਾਲ ਜਾਣਾ ਪੈਂਦਾ ਹੈ। "ਬਹੁਤ ਸਾਰੇ ਲੋਕ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਦੀ ਚੋਣ ਕਰਦੇ ਹਨ। ਇਸ ਲਈ, ਅੱਜ ਅਜਿਹੀ ਯੋਜਨਾ ਲਾਗੂ ਕੀਤੀ ਗਈ ਹੈ ਜਿਸ ਦੇ ਤਹਿਤ ਪੰਜਾਬ ਦੇ ਸਭ ਤੋਂ ਵਧੀਆ ਪ੍ਰਾਈਵੇਟ ਹਸਪਤਾਲ, ਜਿੱਥੇ ਸਭ ਤੋਂ ਅਮੀਰ ਲੋਕ ਵੀ ਇਲਾਜ ਲਈ ਜਾਂਦੇ ਹਨ, ਹੁਣ ਸਭ ਤੋਂ ਗਰੀਬ ਕਿਸਾਨ, ਮਜ਼ਦੂਰ ਅਤੇ ਰਿਕਸ਼ਾ ਚਾਲਕ ਲਈ ਵੀ ਇਲਾਜ ਲਈ ਜਾ ਸਕਣਗੇ। ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।"

ਉਹਨਾਂ ਕਿਹਾ ਕਿ ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਜਿਵੇਂ ਹੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫ਼ਤ ਹੋਵੇਗਾ। ਉਨ੍ਹਾਂ ਤੋਂ ਕੁਝ ਨਹੀਂ ਪੁੱਛਿਆ ਜਾਵੇਗਾ, ਸਿਰਫ਼ ਆਪਣਾ ਹੈਲਥ ਕਾਰਡ ਲਿਆਉਣ ਲਈ। ਪੰਜਾਬ ਵਿੱਚ ਲਗਭਗ 65 ਲੱਖ ਪਰਿਵਾਰ ਹਨ, ਜਿਨ੍ਹਾਂ ਵਿੱਚ ਅਮੀਰ ਅਤੇ ਗਰੀਬ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਸ਼ਾਮਲ ਹਨ। ਕਿਸੇ ਨੂੰ ਵੀ ਇਸ ਤੋਂ ਬਾਹਰ ਨਹੀਂ ਰੱਖਿਆ ਗਿਆ, ਇਹ ਕਾਰਡ ਸਾਰਿਆਂ ਲਈ ਹੈ, ਅਤੇ 65 ਲੱਖ ਪਰਿਵਾਰਾਂ ਨੂੰ ਸਿੱਧਾ ਲਾਭ ਹੋਵੇਗਾ। ਸੂਬੇ ਦੇ ਸਾਰੇ 65 ਲੱਖ ਪਰਿਵਾਰਾਂ (ਕੁੱਲ ਤਿੰਨ ਕਰੋੜ ਨਾਗਰਿਕਾਂ) ਨੂੰ ਸਿਹਤ ਕਾਰਡ ਜਾਰੀ ਕੀਤੇ ਜਾਣਗੇ। ਇਹ ਪਹਿਲੀ ਵਾਰ ਹੈ ਕਿ ਇਸ ਯੋਜਨਾ ਲਈ ਕੋਈ ਆਮਦਨ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ ਅਤੇ ਅੱਜ ਇਸ ਯੋਜਨਾ ਦੀ ਸ਼ੁਰੂਆਤ ਨਾਲ ਪੰਜਾਬ ਨੇ ਦੇਸ਼ ਦੇ ਸਾਹਮਣੇ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ। ਇਸ ਯੋਜਨਾ ਤਹਿਤ 850 ਸਰਕਾਰੀ ਅਤੇ ਨਿੱਜੀ ਹਸਪਤਾਲ ਪਹਿਲਾਂ ਹੀ ਸੂਚੀਬੱਧ ਕੀਤੇ ਜਾ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਹਸਪਤਾਲ ਸ਼ਾਮਲ ਕੀਤੇ ਜਾਣਗੇ। ਇਸ ਸਕੀਮ ਵਿੱਚ 2356 ਤੋਂ ਵੱਧ ਇਲਾਜ ਪੈਕੇਜ ਸ਼ਾਮਲ ਕੀਤੇ ਗਏ ਹਨ, ਜਦੋਂ ਕਿ ਪਹਿਲਾਂ ਇਹ ਪੈਕੇਜ ਸਿਰਫ਼ 1600 ਸਨ। ਇਸ ਸਿਹਤ ਯੋਜਨਾ ਅਧੀਨ ਆਰਥੋਪੀਡਿਕਸ, ਜਨਰਲ ਮੈਡੀਸਨ,ਕਾਰਡੀਓਲੋਜੀ, ਨਿਊਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਓਨਕੋਲੋਜੀ ਸਮੇਤ ਹੋਰ ਵਿਸ਼ੇਸ਼ ਇਲਾਜ ਸੇਵਾਵਾਂ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਤੋ ਇਲਾਵਾ ਦਿਲ ਨਾਲ ਸਬੰਧਤ ਅਤੇ ਕੈਂਸਰ ਦੇ ਇਲਾਜ, ਕਿਡਨੀ ਡਾਇਲਸਿਸ ਅਤੇ ਟ੍ਰਾਂਸਪਲਾਂਟ, ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀਆਂ ਸਰਜਰੀਆਂ, ਜਣੇਪਾ ਅਤੇ ਨਵਜੰਮੇ ਬੱਚਿਆਂ ਦੀ ਦੇਖਭਾਲ, ਦੁਰਘਟਨਾ ਅਤੇ ਐਮਰਜੈਂਸੀ, ਗੋਡੇ ਅਤੇ ਚੂਲੇ ਦੀਆਂ ਸਰਜਰੀਆਂ, ਮੋਤੀਆਬਿੰਦ ਸਰਜਰੀ ਅਤੇ ਹੋਰ ਇਲਾਜ ਸੇਵਾਵਾਂ ਵੀ ਇਸ ਯੋਜਨਾ ਵਿੱਚ ਸ਼ਾਮਲ ਹਨ।

ਹਸਪਤਾਲ ਦੇ ਖਰਚਿਆਂ ਦੇ ਨਾਲ-ਨਾਲ ਡਾਇਗਨੌਸਟਿਕ ਸੇਵਾਵਾਂ ਨੂੰ ਵੀ ਇਸ ਸਕੀਮ ਅਧੀਨ ਸ਼ਾਮਲ ਕੀਤਾ ਗਿਆ ਹੈ ਅਤੇ ਕਿਹਾ ਕਿ ਕੋਈ ਵੀ ਨਾਗਰਿਕ ਹੁਣ ਪੰਜਾਬ ਜਾਂ ਚੰਡੀਗੜ੍ਹ ਦੇ ਕਿਸੇ ਵੀ ਸਰਕਾਰੀ ਜਾਂ ਨਿੱਜੀ ਹਸਪਤਾਲ ਵਿੱਚ ਮੁਫ਼ਤ ਇਲਾਜ ਕਰਵਾ ਸਕਦਾ ਹੈ। ਇਨ੍ਹਾਂ ਹਸਪਤਾਲਾਂ ਨੂੰ ਇਲਾਜ ਤੋਂ ਬਾਅਦ 15 ਦਿਨਾਂ ਦੇ ਅੰਦਰ ਇਲਾਜ ਦੀ ਲਾਗਤ ਦਾ ਭੁਗਤਾਨ ਕਰ ਦਿੱਤਾ ਜਾਵੇਗਾ ਅਤੇ ਰਾਜ ਸਰਕਾਰ ਪਹਿਲਾਂ ਹੀ ਬੀਮਾ ਕੰਪਨੀ ਨੂੰ ਐਡਵਾਂਸ ਪ੍ਰੀਮੀਅਮ ਅਦਾ ਕਰ ਚੁੱਕੀ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਸ੍ਰੀ ਮੁਕੇਸ਼ ਜੁਨੇਜਾ, ਕੈਬਨਿਟ ਮੰਤਰੀ ਦੇ ਮੀਡੀਆ ਕੋਆਰਡੀਨੇਟਰ ਸ੍ਰੀ ਜਤਿੰਦਰ ਜੈਨ, ਓ ਐੱਸ ਡੀ ਸ੍ਰ ਅੰਮ੍ਰਿਤ ਸਿੰਘ ਸਿੱਧੂ, ਵੱਖ ਵੱਖ ਵਾਰਡਾਂ ਦੇ ਕੌਂਸਲਰ, ਪਾਰਟੀ ਕਾਰਕੁੰਨ ਅਤੇ ਵੱਡੀ ਗਿਣਤੀ ਵਿੱਚ ਆਮ ਲੋਕ ਹਾਜ਼ਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਕਲਾਕ੍ਰਿਤੀ ਦਾ ਕੌਮੀ ਨਾਟਕ ਫ਼ੈਸਟੀਵਲ ਅਮਿਟ ਛਾਪ ਛੱਡ ਗਿਆ

ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

ਕਲਾਕ੍ਰਿਤੀ ਪਟਿਆਲਾ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਉਤਰੀ ਖੇਤਰੀ ਸਭਿਆਚਾਰਕ ਕੇਂਦਰ ਦੇ ਸਹਿਯੋਗ ਨਾਲ 25 ਨਵੰਬਰ ਤੋਂ 1 ਦਸੰਬਰ 2025 ਤੱਕ ਕਾਲੀਦਾਸ ਆਡੋਟੋਰੀਅਮ ਵਿੱਚ ਆਯੋਜਤ ਕੀਤੇ ਗਏ 'ਸਪਤਾਹਕ ਕੌਮੀ ਨਾਟਕ ਮੇਲੇ' ਨੇ ਪਟਿਆਲਵੀਆਂ ਦਾ ਦਿਲ ਜਿੱਤ ਲਿਆ। ਹਫ਼ਤਾ ਭਰ ਚਲਣ ਵਾਲੇ ਇਸ ਮੇਲੇ ਵਿੱਚ ਦੇਸ਼ ਭਰ ਵਿੱਚੋਂ ਆਏ 80 ਕਲਾਕਾਰਾਂ ਨੇ ਆਪਣੀ ਕਲਾ ਦੇ ਵੱਖੋ-ਵੱਖਰੇ ਰੰਗਾਂ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਇਸ ਨਾਟਕ ਮੇਲੇ ਵਿੱਚ ਉਤਰ ਪ੍ਰਦੇਸ਼, ਰਾਜਸਥਾਨ, ਦਿੱਲੀ, ਚੰਡੀਗੜ੍ਹ ਅਤੇ ਪੰਜਾਬ ਦੇ ਕੌਮੀ ਪੱਧਰ ਦੇ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਹਫ਼ਤੇ ਵਿੱਚ ਸੱਤ ਨਾਟਕਾਂ ਦਾ ਮੰਚਨ ਕੀਤਾ ਗਿਆ। ਵਰਤਮਾਨ ਸਮੇਂ ਸਮਾਜ ਅਨੇਕ ਅਲਾਮਤਾਂ ਦਾ ਸ਼ਿਕਾਰ ਹੋਇਆ ਹੈ। ਨਾਟਕ ਮੇਲੇ ਵਿੱਚ ਇੱਕ ਨਾਟਕ ਮਾਨਵਤਾ ਦੇ ਹੱਕਾਂ 'ਤੇ ਪਹਿਰਾ ਦੇਣ ਦੀ ਪ੍ਰੇਰਨਾ ਵਾਲਾ, ਇੱਕ ਨਾਟਕ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਪੰਜਾਬੀਆਂ ਦੇ ਸੰਤਾਪ ਦੇ ਦੁਖਾਂਤ ਅਤੇ ਬਾਕੀ ਪੰਜ ਨਾਲ ਮਨੁੱਖੀ ਰਿਸ਼ਤਿਆਂ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਇਨਸਾਨੀ ਰਿਸ਼ਤਿਆਂ, ਜਿਨ੍ਹਾਂ ਵਿੱਚ ਮਾਂ-ਧੀ, ਪਤੀ-ਪਤਨੀ ਅਤੇ ਆਸ਼ਕ- ਮਾਸ਼ੂਕ ਦੇ ਰਿਸ਼ਤਿਆਂ ਵਿੱਚ ਆਈ ਗਿਰਾਵਟ ਨੂੰ ਦਰਸਾਉਣ ਵਾਲੇ ਸਨ, ਜਿਨ੍ਹਾਂ ਕਰਕੇ ਭਾਰਤੀ ਮਜ਼ਬੂਤ ਪਰਿਵਾਰਿਕ/ਸਮਾਜਿਕ ਤਾਣਾ- ਬਾਣਾ ਰਿਸ਼ਤਿਆਂ ਦੇ ਗਹਿਰੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਸ ਨਾਟਕ ਮੇਲੇ ਦੀ ਖ਼ੂਬੀ ਰਹੀ ਕਿ ਮੇਲੇ ਦਾ ਆਗਾਜ਼ ਨੌਵੇਂ ਪਾਤਸ਼ਾਹ ਸ੍ਰੀ ਤੇਗ ਬਹਾਦਰ ਜੀ ਦੀ 350 ਵੇਂ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਪਹਿਲੇ ਦਿਨ 25 ਨਵੰਬਰ ਨੂੰ ਪ੍ਰਸਿੱਧ ਵਿਦਵਾਨ ਸ੍ਰੀ ਰਵਿੰਦਰ ਸਿੰਘ ਸੋਢੀ ਦੁਆਰਾ ਲਿਖਿਆ ਗਿਆ ਤੇ ਰੰਗ ਕਰਮੀ ਤੇ ਫ਼ਿਲਮ ਅਦਾਕਾਰ ਬਨਿੰਦਰਜੀਤ ਸਿੰਘ ਬਨੀ ਵੱਲੋਂ ਨਿਰਦੇਸ਼ਤ ਕੀਤਾ ਗਿਆ 'ਹਿੰਦ ਦੀ ਚਾਦਰ' ਖੇਡਿਆ ਗਿਆ। ਇੱਕ ਕਿਸਮ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾਂਜ਼ਲੀ ਭੇਂਟ ਕਰਕੇ ਨਾਟਕ ਮੇਲਾ ਸ਼ੁਰੂ ਕੀਤਾ ਗਿਆ। ਇਹ ਨਾਟਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ 'ਤੇ ਅਧਾਰਤ ਹੈ, ਜਿਸ ਵਿੱਚ ਵਿਖਾਇਆ ਗਿਆ ਹੈ ਕਿ ਉਨ੍ਹਾਂ ਨੇ ਮਾਨਵਤਾ ਦੇ ਹੱਕਾਂ ਦੀ ਰਾਖੀ ਲਈ ਆਪਣੀ ਜ਼ਿੰਦਗੀ ਦੀ ਆਹੂਤੀ ਦਿੱਤੀ ਸੀ। ਸੰਸਾਰ ਵਿੱਚ ਮਨੁੱਖੀ ਹੱਕਾਂ ਲਈ ਉਨ੍ਹਾਂ ਦੀ ਪਹਿਲੀ ਕੁਰਬਾਨੀ ਹੈ। ਹਿੰਦ ਦੀ ਚਾਦਰ ਨਾਟਕ ਮਨੁੱਖੀ ਹੱਕਾਂ ਦੀ ਹਿਫ਼ਾਜ਼ਤ ਲਈ ਲੜਾਈ ਲੜਨ ਦੀ ਪ੍ਰੇਰਨਾ ਦਿੰਦਾ ਹੈ। ਨਾਟਕ ਵਿੱਚ ਅਦਾਕਾਰਾਂ ਵੱਲੋਂ ਕੀਤੀ ਅਦਾਕਾਰੀ ਨੇ ਦਰਸ਼ਕਾਂ ਨੂੰ ਇਤਨਾ ਪ੍ਰਭਾਵਤ ਕੀਤਾ ਕਿ ਉਹ ਭਾਵਨਾਵਾਂ ਦੇ ਵਹਿਣ ਵਿੱਚ ਵਹਿੰਦੇ ਹੋਏ ਅਤਿਅੰਤ ਭਾਵਕ ਹੋ ਗਏ। ਇਹ ਨਾਟਕ 'ਇਮਪੈਕਟ ਆਰਟਸ ਮੋਹਾਲੀ' ਗਰੁਪ ਦੇ ਕਲਾਕਾਰਾਂ ਵੱਲੋਂ ਖੇਡਿਆ ਗਿਆ।

ਡਾ.ਕੁਲਦੀਪ ਸਿੰਘ ਦੀਪ ਦਾ ਲਿਖਿਆ 'ਛੱਲਾ' ਤੇ ਪਰਮਿੰਦਰ ਪਾਲ ਕੌਰ ਦਾ ਨਿਰਦੇਸ਼ਤ ਕੀਤਾ ਗਿਆ ਨਾਟਕ ਕਲਾਕ੍ਰਿਤੀ ਪਟਿਆਲਾ ਦੇ ਕਲਾਕਾਰਾਂ ਦੁਆਰਾ ਖੇਡਿਆ ਗਿਆ। ਪਹਿਲੀ ਵਾਰ 'ਛੱਲਾ' ਨੂੰ ਨਵੇਂ ਢੰਗ ਨਾਲ ਪੇਸ਼ ਕਰਕੇ ਕਲਾਕਾਰਾਂ ਨੇ ਪੰਜਾਬੀਆਂ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਲਈ ਮਾਪਿਆਂ ਦੀ ਅਗਵਾਈ ਅਤੇ ਸਲਾਹ ਅਨੁਸਾਰ ਵਿਚਰਣ ਦੀ ਪ੍ਰੇਰਨਾ ਕੀਤੀ ਹੈ। ਭਾਵਨਾਵਾਂ ਵਿੱਚ ਵਹਿਕੇ ਪਰਵਾਸ ਵੱਲ ਭੱਜਕੇ ਆਪਣੀ ਵਿਰਾਸਤ ਨਾਲੋਂ ਮੂੰਹ ਨਹੀਂ ਮੋੜਨਾ ਚਾਹੀਦਾ। ਇਸ ਨਾਟਕ ਦਾ ਵਿਸ਼ਾ ਪੰਜਾਬੀਆਂ ਦੇ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਜਾਣ ਦੀ ਤ੍ਰਾਸਦੀ ਦਾ ਦੁੱਖਦਾਈ ਅੰਤ ਵਿਖਾਇਆ ਗਿਆ ਹੈ, ਜਿਸ ਵਿੱਚ ਏਜੰਟਾਂ ਦੇ ਧੱਕੇ ਚੜ੍ਹਕੇ ਗਏ ਪੰਜਾਬੀਆਂ ਦੇ ਮਾਰੇ ਜਾਣ ਦੀ ਹਿਰਦੇਵੇਦਿਕ ਘਟਨਾ ਨੇ ਪੰਜਾਬੀਆਂ ਨੂੰ ਝੰਜੋੜਕੇ ਰੱਖ ਦਿੱਤਾ। ਉਨ੍ਹਾਂ ਦੇ ਪਿੱਛੇ ਰਹਿ ਗਏ ਮਾਪਿਆਂ ਦੇ ਦਰਦਨਾਕ ਦੁਖਾਂਤ ਨੇ ਦਰਸ਼ਕਾਂ ਨੂੰ ਪਸੀਜਕੇ ਰੱਖ ਦਿੱਤਾ, ਜਿਸਦਾ ਸਿੱਟਾ ਇਹ ਨਿਕਲਿਆ ਕਿ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਜਾਣਾ ਨਹੀਂ ਚਾਹੀਦਾ।


ਤਸਵੀਰ : ਪਰਵਾਸ ਨੂੰ ਜਾਣ ਸਮੇਂ ਮਨੀ ਮਾਂ ਪਰਮਿੰਦਰ ਪਾਲ ਕੌਰ ਦੀ ਆਗਿਆ ਲੈਂਦਾ ਹੋਇਆ।

ਨਾਟਕ ਦਾ ਸਮੁੱਚਾ ਘਟਨਾਕਰਮ ਉਨ੍ਹਾਂ ਸਾਰੇ ਛੱਲਿਆਂ ਦੇ ਨਾਂ ਸੀ ਜੋ ਘਰਾਂ ਤੋਂ ਜ਼ਿੰਦਗੀ ਦੀਆਂ ਝਨਾਵਾਂ ਤਰਨ ਲਈ ਨਿਕਲੇ, ਪ੍ਰੰਤੂ ਸਿਸਟਮ ਦੀ ਹਨ੍ਹੇਰੀ ਉਨ੍ਹਾਂ ਨੂੰ ਰਾਹ ਵਿੱਚ ਹੀ ਖਾ ਗਈ। ਦੁਆ ਕੀਤੀ ਗਈ ਕਿ ਮੁੜ ਇਸ ਧਰਤੀ 'ਤੇ ਕਦੇ ਅਜਿਹੇ ਛੱਲੇ ਨਾ ਜੰਮਣ। ਇਸ ਹਨ੍ਹੇਰੀ 'ਚੋਂ ਜਿਹੜਾ ਬਚਕੇ ਨਿਕਲਿਆ ਉਹ ਇਸ ਨਾਟਕ ਦਾ ਕਾਲਪਨਿਕ ਪਾਤਰ ਪ੍ਰੋਫ਼ੈਸਰ ਨੇ ਮਨੀ ਦੇ ਰੂਪ ਵਿੱਚ ਆਪਣੀਆਂ ਹੱਡ ਬੀਤੀਆਂ ਸੁਣਾਈਆਂ, ਜਿਨ੍ਹਾਂ ਨਾਲ ਨਾਟਕ ਦੇ ਦੁਖਾਂਤ ਨੇ ਦਰਸ਼ਕਾਂ ਨੂੰ ਝੰਜੋੜਕੇ ਰੱਖ ਦਿੱਤਾ। ਪਰਮਿੰਦਰ ਪਾਲ ਕੌਰ ਨੇ ਛੱਲੇ ਦੀ ਮਾਂ ਦਾ ਕਿਰਦਾਰ ਬਾਖ਼ੂਬੀ ਨਾਲ ਨਿਭਾਕੇ ਦਰਸ਼ਕਾਂ ਦੀਆਂ ਅੱਖਾਂ ਸੇਜਲ ਕਰ ਦਿੱਤੀਆਂ। ਪਰਮਿੰਦਰਪਾਲ ਕੌਰ ਦੀ ਨਿਰਦੇਸ਼ਨਾ ਨੇ ਕੁਲਦੀਪ ਸਿੰਘ ਦੀਪ ਦੀ ਲਿਖਤ ਨੂੰ ਚਾਰ ਚੰਦ ਲਾ ਦਿੱਤੇ।

ਪਾਲੀ ਭੁਪਿੰਦਰ ਸਿੰਘ ਦਾ ਲਿਖਿਆ ਤੇ ਪਰਵੀਨ ਅਰੋੜਾ ਦਾ ਨਿਰਦੇਸ਼ਤ ਕੀਤਾ ਹੋਇਆ ਨਾਟਕ 'ਤੁਮਹੇ ਕੌਨ ਸਾ ਰੰਗ ਪਸੰਦ ਹੈ' 'ਨਤਿਆ ਵਾਸਤੂ ਸੰਸਕ੍ਰਿਤਿਕ ਤੇ ਸਮਾਜਿਕ ਸੰਸਥਾ ਕਾਨਪੁਰ' ਉਤਰ ਪ੍ਰਦੇਸ਼ ਦੇ ਗਰੁਪ ਵੱਲੋਂ ਖੇਡਿਆ ਗਿਆ। ਇਸ ਨਾਟਕ ਵਿੱਚ ਬਹੁਤ ਹੀ ਸੰਵੇਦਨਸ਼ੀਲ ਵਿਸ਼ੇ, ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧ ਬਣਾਉਣ ਅਤੇ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਲਈ ਪ੍ਰਾਈਵੇਟ ਕੰਪਨੀਆਂ ਵੱਲੋਂ ਆਪਣੇ ਹਿਤਾਂ ਲਈ ਭਾਰਤ ਦੇ ਮਜ਼ਬੂਤ ਪਰਿਵਾਰਿਕ ਢਾਂਚੇ ਨੂੰ ਤਹਿਸ ਨਹਿਸ ਕਰਨ ਦੀ ਵਕਾਲਤ ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਜੇਕਰ ਭਾਰਤੀ ਅਨੈਤਿਕ ਸੰਬੰਧਾਂ ਦੀ ਪ੍ਰੋੜ੍ਹਤਾ ਕਰਨਗੇ ਤਾਂ ਉਨ੍ਹਾਂ ਦੀਆਂ ਸਮਾਜਿਕ ਪਰੰਪਰਾਵਾਂ ਲਈ ਬੜਾ ਵੱਡਾ ਖ਼ਤਰਾ ਪੈਦਾ ਹੋਵੇਗਾ। ਕਲਾਕਾਰਾਂ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਬਹੁਤ ਹੀ ਪ੍ਰਭਾਵਤ ਕੀਤਾ। ਇਹ ਨਾਟਕ ਮੇਲਾ ਕਲਾਕ੍ਰਿਤੀ ਪਟਿਆਲਾ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਪਾਂਸਰ ਅਤੇ ਉਤਰੀ ਖੇਤਰੀ ਸਭਿਅਚਾਰਕ ਕੇਂਦਰ ਦੇ ਸਹਿਯੋਗ ਨਾਲ ਕੀਤਾ ਗਿਆ।

ਕਾਸ਼ੀ ਨਾਥ ਸਿੰਘ ਅਤੇ ਵਿਨੋਦ ਮਿਸ਼ਰਾ ਦੀਆਂ ਕਹਾਣੀਆਂ 'ਤੇ ਅਧਾਰਤ ਨਾਟਕ 'ਰਿਲੇਸ਼ਨਸ਼ਿਪ ਰਿਦਮ 2.0' ਰਾਜ ਨਰਾਇਣ ਦੀਕਸ਼ਤ ਦੁਆਰਾ ਨਿਰਦੇਸ਼ਤ ਕੀਤਾ ਗਿਆ। ਰੰਗਮੰਡਲ ਦਿੱਲੀ ਦੁਆਰਾ ਪ੍ਰਸਤੱਤ ਕੀਤੇ ਗਏ ਨਾਟਕ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ ਕਿਉਂਕਿ ਇਸ ਨਾਟਕ ਵਿੱਚ ਵਰਤਮਾਨ ਅਖੌਤੀ ਆਧੁਨਿਕਤਾ ਦੇ ਵਿੱਚ ਗ੍ਰਸਤ ਮਾਨਵਤਾ ਦੇ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ, ਜੋ ਪਿਆਰ ਅਤੇ ਸਰੀਰਕ ਇੱਛਾ ਸ਼ਕਤੀ ਵਿਚਕਾਰਲੇ ਸੰਕਟਮਈ ਸੰਘਰਸ਼ ਨੂੰ ਅਦਾਕਾਰਾਂ ਨੇ ਆਪਣੀ ਕਲਾ ਦੀ ਪਿਉਂਦ ਨਾਲ ਵਿਖਾਇਆ ਸੀ। ਪਾਤਰ ਆਪਣੀਆਂ ਭਾਵਨਾਵਾਂ ਅਤੇ ਉਮੀਦਾਂ ਵਿੱਚਕਾਰਲੇ ਦਵੰਦ ਵਿੱਚ ਫਸੇ ਹੋਏ ਜੀਵਨ ਦੀਆਂ ਹਕੀਕਤਾਂ ਦਾ ਪ੍ਰਗਟਾਵਾ ਕਰਦੇ ਸਨ। ਕੌਮੀ ਨਾਟਕ ਮੇਲੇ ਦੇ ਛੇਵੇਂ ਦਿਨ ਸਅਦਤ ਹਸਨ ਮੰਟੋ ਦੀ ਪ੍ਰਸਿੱਧ ਰਚਨਾ 'ਤੇ ਅਧਾਰਤ 'ਬਾਦਸ਼ਾਹਤ ਦਾ ਖ਼ਾਤਮਾ' ਦਾ ਮੰਚਨ ਰਾਜਸਥਾਨ ਦੇ 'ਰੰਗ ਸੰਸਕਾਰ ਥੇਟਰ' ਗਰੁਪ ਅਲਵਰ ਵੱਲੋਂ ਕੀਤਾ ਗਿਆ। ਇਹ ਨਾਟਕ ਅਖ਼ਤਾਰ ਅਲੀ ਵੱਲੋਂ ਅਡਾਪਟ ਕੀਤਾ ਅਤੇ ਡਾ.ਦੇਸ਼ਰਾਜ ਮੀਨਾ ਦੁਆਰਾ ਨਿਰਦੇਸ਼ਤ ਕੀਤਾ ਗਿਆ ਸੀ। ਇਸ ਨਾਟਕ ਦੀ ਕਮਾਲ ਰਹੀ ਕਿ ਇਹ ਨਾਟਕ ਸਿਰਫ ਦੋ ਪਾਤਰਾਂ ਵੱਲੋਂ ਖੇਡਿਆ ਗਿਆ, ਦੋਹਾਂ ਪਾਤਰਾਂ ਦੀ ਅਦਾਕਰੀ ਨੇ ਦਰਸ਼ਕਾਂ ਦੇ ਦਿਲ ਮੋਹ ਲਏ। ਇਹ ਕਹਾਣੀ ਦੋ ਥਾਵਾਂ ਦਫ਼ਤਰ ਅਤੇ ਘਰ ਤੋਂ ਸ਼ੁਰੂ ਹੁੰਦੀ ਹੈ।

ਅਸ਼ੋਕ ਸਿੰਘ ਵੱਲੋਂ ਲਿਖਿਆ ਤੇ ਡਾ.ਉਮਿੰਦਰਾ ਕੁਮਾਰ ਦਾ ਨਿਰਦੇਸ਼ਤ ਕੀਤਾ ਹੋਇਆ ਨਾਟਕ 'ਕੋਈ ਏਕ ਰਾਤ' ਅਨੁਕ੍ਰਿਤੀ ਕਾਨਪੁਰ ਉਤਰ ਪ੍ਰਦੇਸ਼ ਵੱਲੋਂ ਖੇਡਿਆ ਗਿਆ। ਇਸ ਨਾਟਕ ਵਿੱਚ ਮਾਂ ਪੂਰਵਾ ਤੇ ਬੇਟੀ ਸੁੰਮੀ ਦੇ ਵਿਚਾਲੇ ਉਸ ਇੱਕ ਰਾਤ ਦੀ ਕਹਾਣੀ ਵਿਚਲੇ ਤਕਰਾਰ, ਜਿਸ ਵਿੱਚ ਬੀਤੇ ਹੋਏ ਸਾਲਾਂ ਦਾ ਦਰਦ, ਸਮਝੌਤਾ ਅਤੇ ਨਰਾਜ਼ਗੀ ਦ੍ਰਿਸ਼ਟਾਂਤਿਕ ਰੂਪ ਵਿੱਚ ਵਿਖਾਈ ਦਿੰਦੀ ਸੀ। ਮਾਂ ਤੇ ਬੇਟੀ ਦੇ ਰਿਸ਼ਤੇ ਫ਼ਿਲਮੀ ਦੁਨੀਆਂ ਅਤੇ ਰੰਗਮੰਚ ਨਾਲ ਜੁੜਦੇ ਸਨ, ਪਰ ਉਨ੍ਹਾਂ ਦੀ ਸੋਚ, ਅਨੁਭਵ ਬਿਲਕੁਲ ਇੱਕ ਦੂਜੇ ਤੋਂ ਉਲਟ ਹੈ। ਮਾਂ ਨੇ ਫ਼ਿਲਮਾ ਵਿੱਚ ਕੰਮ ਕਰਨ ਲਈ ਅਨੇਕਾਂ ਗ਼ੈਰਕਾਨੂੰਨੀ ਸਮਝੌਤੇ ਕੀਤੇ, ਪਹਿਲਾਂ ਕੰਮ ਲੈਣ ਲਈ ਫਿਰ ਦੂਜਾ ਸਮਝੌਤਾ ਫ਼ਿਲਮ ਇੰਡਸਟੀ ਵਿੱਚ ਬਣੇ ਰਹਿਣ ਲਈ ਅਤੇ ਅੰਤ ਆਪਣੇ ਸਟੇਟਸ ਅਤੇ ਜੀਵਨ ਸ਼ੈਲੀ ਨੂੰ ਬਰਕਰਾਰ ਰੱਖਣ ਲਈ, ਪ੍ਰੰਤੂ ਬੇਟੀ ਆਤਮ ਸਨਮਾਨ ਨੂੰ ਸਰਵਉਚ ਮੰਨਦੀ ਹੋਈ ਸਮਝੌਤੇ ਨਹੀਂ ਕਰਦੀ। ਇਹ ਟਕਰਾਓ ਸਿਰਫ਼ ਦੋ ਸੋਚਾਂ ਦਾ ਨਹੀਂ ਸਗੋਂ ਸਮੁੱਚੀ ਇਸਤਰੀ ਜਾਤੀ ਦੇ ਆਤਮ ਸਨਮਾਨ ਦਾ ਹੈ।

'ਅਜ਼ੀਬ ਦਾਸਤਾਂ' ਨਾਟਕ ਅਲੋਕ ਸ਼ੁਕਲਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਹੋਇਆ 'ਪ੍ਰਸੰਗਿਕ ਦਿੱਲੀ' ਗਰੁਪ ਦੇ ਕਲਾਕਾਰਾਂ ਨੇ ਖੇਡਿਆ। ਇਹ ਨਾਟਕ ਮਹਾਂ ਨਗਰ ਮੁੰਬਈ ਦੇ ਰਹਿਣ ਵਾਲੇ ਦੋ ਤਲਾਕਸ਼ੁਦਾ ਜੋੜੀਆਂ ਦੇ ਆਲੇ ਦੁਆਲੇ ਘੁੰਮਦਾ ਹੈ,ਦੋਹਾਂ ਜੋੜੀਆਂ ਦੀਆਂ ਵੱਖੋ-ਵੱਖਰੇ ਹਾਲਾਤਾਂ ਕਰਕੇ, ਉਨ੍ਹਾਂ ਦੇ ਵਿਆਹ ਟੁੱਟ ਜਾਂਦੇ ਹਨ। ਦੋਵੇਂ ਔਰਤਾਂ ਸਮੱਸਿਆਵਾਂ ਦੇ ਹੱਲ ਲਈ ਇੱਕ ਔਰਤ ਦੋਸਤ ਦੇ ਰੂਪ ਵਿੱਚ ਸਾਥੀ ਲੱਭ ਲੈਂਦੀ ਤੇ ਦੂਜੀ ਦੁਬਾਰਾ ਵਿਆਹ ਕਰਕੇ ਸਮੱਸਿਆਵਾਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ, ਪ੍ਰੰਤੂ ਸਮੱਸਿਆਵਾਂ ਜਿਉਂ ਦੀ ਤਿਉਂ ਰਹਿੰਦੀਆਂ। ਉਨ੍ਹਾਂ ਵਿੱਚੋਂ ਇੱਕ ਦਾ ਬੱਚਾ ਨਸ਼ੇ ਕਰਨ ਲੱਗਦਾ ਹੈ ਤੇ ਹਾਲਾਤ ਵਿਗੜਨ ਕਰਕੇ ਉਸ ਬੱਚੇ ਨੂੰ ਪੁਨਰਵਾਸ ਕੇਂਦਰ ਵਿੱਚ ਭੇਜ ਦਿੱਤਾ ਜਾਂਦਾ ਹੈ। ਇਹ ਨਾਟਕ ਰਿਸ਼ਤਿਆਂ ਦੇ ਟੁੱਟਣ, ਨਵੀਂ ਸ਼ੁਰੂਆਤ, ਆਧੁਨਿਕ ਮਹਾਂ ਨਗਰ ਜੀਵਨ ਦੀਆਂ ਗੁੰਝਲਾਂ ਅਤੇ ਉਨ੍ਹਾਂ ਦਾ ਵਿਵਾਹਕ ਪਰਿਵਾਰਾਂ 'ਤੇ ਪੈਣ ਵਾਲੇ ਭਾਵਨਾਤਮਿਕ ਪ੍ਰਭਾਵਾਂ ਦੀ ਸੰਵੇਦਨਸ਼ੀਲਤਾ ਦੀ ਕਹਾਣੀ ਪੇਸ਼ ਕਰਦਾ ਹੈ।

ਆਵਾਜਾਈ ਸੁਰੱਖਿਆ ਫਸਟ ਏਡ ਫਾਇਰ ਸੇਫਟੀ ਦੀ ਟ੍ਰੇਨਿੰਗਾਂ ਰਾਹੀਂ ਹੀ ਮਦਦਗਾਰ ਫ਼ਰਿਸ਼ਤੇ ਤਿਆਰ ਕੀਤੇ ਜਾ ਰਹੇ ਹਨ।

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਵਿਦਿਆਰਥੀਆਂ ਨੂੰ ਸੁਰੱਖਿਆ, ਬਚਾਉ, ਸਨਮਾਨ, ਸਬਰ ਸ਼ਾਂਤੀ ਅਨੁਸ਼ਾਸਨ ਆਗਿਆ ਪਾਲਣ ਨਿਮਰਤਾ ਖੁਸ਼ਹਾਲੀ ਉਨਤੀ ਦੇ ਗੁਣ ਗਿਆਨ ਸੰਸਕਾਰ ਮਰਿਆਦਾਵਾਂ ਫਰਜ਼ਾਂ ਜ਼ੁਮੇਵਾਰੀਆਂ ਨਿਭਾਉਣ ਦੀ ਜਾਣਕਾਰੀ ਦੇਕੇ ਅਤੇ ਉਨ੍ਹਾਂ ਨੂੰ ਦੇਸ਼ ਸਮਾਜ ਘਰ ਪਰਿਵਾਰਾਂ ਅਤੇ ਮਾਨਵਤਾ ਦੇ ਮਦਦਗਾਰ ਫ਼ਰਿਸ਼ਤੇ ਬਣਾਉਣ ਲਈ ਸਿਖਿਆ ਸੰਸਥਾਵਾਂ ਵਿਖੇ ਆਵਾਜਾਈ ਸੁਰੱਖਿਆ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗਾਂ ਦੇਕੇ ਜ਼ਿਲਾ ਪ੍ਰਸ਼ਾਸਨ ਪੰਜਾਬ ਪੁਲਿਸ ਅਤੇ ਸਿਖਿਆ ਸੰਸਥਾਵਾਂ ਵਲੋਂ ਪ੍ਰਸੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ ਇਸੇ ਸਬੰਧ ਵਿਚ ਅਵਰ ਲੇਡੀ ਆਫ਼ ਫਾਤਿਮਾ ਕਾਨਵੈਂਟ ਸਕੂਲ ਪਟਿਆਲਾ ਵਲੋਂ ਆਪਣੇ ਵਿਦਿਆਰਥੀਆਂ ਅਧਿਆਪਕਾਂ ਨੂੰ ਰਾਸ਼ਟਰੀ ਸੜਕ ਸੁਰੱਖਿਆ ਜਾਗਰੂਕਤਾ ਮਹੀਨੇ ਦੀ ਮਹੱਤਤਾ ਸਮਝਦੇ ਹੋਏ ਟ੍ਰੇਨਿੰਗ ਪ੍ਰੋਗਰਾਮ ਪ੍ਰਿੰਸੀਪਲ ਸਿਸਟਰ.. ਦੀ ਅਗਵਾਈ ਹੇਠ ਕਰਵਾਏ। ਇਸ ਮੌਕੇ ਪੰਜਾਬ ਪੁਲਿਸ ਦੇ ਏ ਐਸ ਆਈ ਰਾਮ ਸਰਨ ਅਤੇ ਰੈੱਡ ਕਰਾਸ ਦੇ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਸ਼੍ਰੀ ਕਾਕਾ ਰਾਮ ਵਰਮਾ ਨੇ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਦੀ ਜਾਣਕਾਰੀ ਦਿੱਤੀ ਅਤੇ ਬੇਨਤੀ ਕੀਤੀ ਕਿ ਇਨ੍ਹਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਸਿਹਤਮੰਦ ਖੁਸ਼ਹਾਲ ਰੱਖੋ ਅਤੇ ਦੂਸਰਿਆਂ ਦੇ ਬਚਾਅ ਮਦਦ ਲਈ ਮਦਦਗਾਰ ਫ਼ਰਿਸ਼ਤਿਆਂ ਵਜੋਂ ਯਤਨ ਕਰਦੇ ਹੋਏ ਚੰਗੇ ਨੇਕ ਦਿਲ ਇਨਸਾਨ ਵਜੋਂ ਸਨਮਾਨਿਤ ਰਹੋ। ਉਨ੍ਹਾਂ ਨੇ ਉਦਾਹਰਣਾ ਦੇਕੇ ਦਸਿਆ ਕਿ ਗਲਤੀਆਂ ਲਾਪਰਵਾਹੀਆਂ ਕਾਹਲੀ ਤੇਜ਼ੀ ਨਾਸਮਝੀ ਕਾਰਨ ਹੀ ਹਰ ਸਾਲ ਲੱਖਾਂ ਬੱਚੇ ਨੌਜਵਾਨ ਅਤੇ ਨਾਗਰਿਕ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਅਤੇ ਮੌਤਾਂ ਹੋ ਰਹੀਆਂ ਹਨ। ਉਨ੍ਹਾਂ ਨੇ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਬਾਰੇ ਜਾਣਕਾਰੀ ਦਿੱਤੀ ਅਤੇ ਬੇਨਤੀ ਕੀਤੀ ਕਿ ਹਰੇਕ ਜ਼ਖਮੀ ਨੂੰ ਬਚਾਉਣ ਲਈ ਹੈਲਪ ਲਾਈਨ ਨੰਬਰਾਂ ਦੀ ਵਰਤੋਂ ਕਰਕੇ ਗੁੱਡ ਸਮਾਰਟੀਅਨ ਬਣੋ। ਉਨ੍ਹਾਂ ਨੇ ਦੱਸਿਆ ਕਿ ਜਿਹੜੇ ਵਿਦਿਆਰਥੀ ਅਧਿਆਪਕ ਨਾਗਰਿਕ ਪੀੜਤਾਂ ਦੀ ਸਹਾਇਤਾ ਕਰਦੇ ਹਨ ਉਨ੍ਹਾਂ ਨੂੰ ਬਹਾਦਰ ਜੁਮੇਵਾਰ ਮਦਦਗਾਰ ਫ਼ਰਿਸ਼ਤੇ ਵਜੋਂ ਹਰ ਮਹੀਨੇ ਸਨਮਾਨਿਤ ਕੀਤਾ ਜਾਂਦਾ ਹੈ। ਪ੍ਰਿੰਸੀਪਲ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਪ੍ਰਣ ਕੀਤਾ ਕਿ ਉਨ੍ਹਾਂ ਵਲੋਂ ਹਮੇਸ਼ਾ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਦੀ ਪਾਲਣਾ ਕੀਤੀ ਜਾਵੇਗੀ ਅਤੇ ਪੀੜਤਾਂ ਦੀ ਮਦਦ ਵੀ ਕਰਨਗੇ

ਪੰਜਾਬੀ ਯੂਨੀਵਰਸਿਟੀ ਵਿਖੇ 'ਪੰਜਾਬੀ ਨਾਵਲ ਵਿਚ ਸੈਨਿਕ ਜੀਵਨ ਦੀ ਪੇਸ਼ਕਾਰੀ' ਬਾਰੇ ਹੋਇਆ ਅਧਿਐਨ

ਸੈਨਿਕਾਂ ਦੇ ਦੁੱਖਾਂ-ਸੁੱਖਾਂ, ਲੋੜਾਂ-ਥੋੜਾਂ, ਸੁਪਨਿਆਂ, ਅਕਾਂਖਿਆਵਾਂ ਤੇ ਦੁਬਿਧਾਵਾਂ ਨੂੰ ਲਿਆਂਦਾ ਗਿਆ ਸਾਹਮਣੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜਨਵਰੀ
INTERNATIONAL PAPER, 9463601616
hardipchumber57@gmail.com

ਪਟਿਆਲਾ, 24 ਜਨਵਰੀ (ਅੰਗਰੇਜ ਸਿੰਘ ਵਿੱਕੀ)

ਪੰਜਾਬੀ ਯੂਨੀਵਰਸਿਟੀ ਵਿਖੇ ਹੋਈ ਇੱਕ ਤਾਜ਼ਾ ਖੋਜ ਰਾਹੀਂ 'ਪੰਜਾਬੀ ਨਾਵਲ ਵਿਚ ਸੈਨਿਕ ਜੀਵਨ ਦੀ ਪੇਸ਼ਕਾਰੀ' ਬਾਰੇ ਅਧਿਐਨ ਕੀਤਾ ਗਿਆ ਹੈ।ਖੋਜਾਰਥੀ ਡਾ.ਕਿਰਨਦੀਪ ਕੌਰ ਵੱਲੋਂ ਨਿਗਰਾਨ ਡਾ.ਤਾਰਾ ਸਿੰਘ ਦੀ ਅਗਵਾਈ ਵਿੱਚ ਕੀਤੇ ਗਏ ਇਸ ਖੋਜ-ਕਾਰਜ ਰਾਹੀਂ ਸੈਨਿਕ ਜੀਵਨ ਨਾਲ ਸਬੰਧਤ ਪੰਜਾਬੀ ਨਾਵਲਾਂ ਦੀ ਚੋਣ ਕਰ ਕੇ ਉਨ੍ਹਾਂ ਦੇ ਬਿਰਤਾਂਤ ਵਿੱਚੋਂ ਸੈਨਿਕ ਜੀਵਨ ਦੇ ਵੱਖ-ਵੱਖ ਪੱਖਾਂ ਜਿਵੇਂ ਸਮਾਜਿਕ, ਆਰਥਿਕ, ਧਾਰਮਿਕ, ਮਨੋਵਿਗਿਆਨਕ ਆਦਿ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਹੈ।ਨਿਗਰਾਨ ਡਾ.ਤਾਰਾ ਸਿੰਘ ਨੇ ਦੱਸਿਆ ਕਿ ਸੈਨਿਕ ਸਾਡੇ ਸਮਾਜ ਦਾ ਇੱਕ ਅਹਿਮ ਅੰਗ ਹੋਣ ਦੇ ਬਾਵਜੂਦ, ਪੰਜਾਬੀ ਸਾਹਿਤ ਦੇ ਹਵਾਲੇ ਨਾਲ ਇਨ੍ਹਾਂ ਬਾਰੇ ਕੋਈ ਖੋਜ-ਕਾਰਜ ਨਹੀਂ ਹੋਇਆ ਸੀ। ਉਨ੍ਹਾਂ ਦੱਸਿਆ ਕਿ ਪੰਜਾਬੀ ਸਾਹਿਤ ਖੋਜ ਖੇਤਰ ਵਿੱਚ ਇਹ ਇੱਕ ਨਵਾਂ ਤੇ ਮਹੱਤਵਪੂਰਨ ਪਾਸਾਰਾਂ ਵਾਲਾ ਕਾਰਜ ਹੈ। ਉਨ੍ਹਾਂ ਦੱਸਿਆ ਕਿ ਸੈਨਿਕਾਂ ਦੇ ਅੰਦਰਲੇ ਸੰਸਾਰ ਦੀਆਂ ਪਰਤਾਂ ਨੂੰ ਫਰੋਲਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਮੁੱਚੇ ਰੂਪ ਵਿੱਚ ਉਭਾਰਨ ਦਾ ਯਤਨ ਕੀਤਾ ਗਿਆ ਹੈ। ਇਓਂ ਸੈਨਿਕ ਦੇ ਇੱਕ ਮਨੁੱਖ ਵਜੋਂ ਦੁੱਖਾਂ-ਸੁੱਖਾਂ, ਲੋੜਾਂ-ਥੋੜਾਂ, ਸੁਪਨਿਆਂ, ਅਕਾਂਖਿਆਵਾਂ ਤੇ ਦੁਬਿਧਾਵਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ। ਡਾ.ਕਿਰਨਦੀਪ ਕੌਰ ਨੇ ਕਿਹਾ ਕਿ ਇਹ ਖੋਜ ਰਾਹੀਂ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਸੈਨਿਕ ਸਿਰਫ਼ ਯੋਧਾ ਹੀ ਨਹੀਂ ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਵੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਵਿਸ਼ਲੇਸ਼ਣ ਪੰਜਾਬ ਦੇ ਇਤਿਹਾਸ, ਸੱਭਿਆਚਾਰ ਅਤੇ ਜਨ-ਜੀਵਨ ਦੇ ਪ੍ਰਮਾਣਿਕ ਸਰੋਤਾਂ 'ਤੇ ਅਧਾਰਤ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਤਿਹਾਸ, ਸੱਭਿਆਚਾਰਕ ਵਿਲੱਖਣਤਾ ਅਤੇ ਪੰਜਾਬੀ ਜਨ-ਜੀਵਨ ਵਿਚ ਸੈਨਿਕ ਜੀਵਨ ਦੀ ਮਹੱਤਤਾ ਬਾਰੇ ਪ੍ਰਮਾਣਿਤ ਸਰੋਤਾਂ, ਇਤਿਹਾਸਕ ਲਿਖਤਾਂ ਅਤੇ ਸੱਭਿਆਚਾਰਕ ਸਿਰਜਣਾਵਾਂ ਦੇ ਮਾਹਿਰ ਵਿਦਵਾਨਾਂ ਦੇ ਹਵਾਲਿਆਂ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ।

ਉਪ-ਕੁਲਪਤੀ ਡਾ.ਜਗਦੀਪ ਸਿੰਘ ਨੇ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਖੋਜ ਕਾਰਜ ਸੈਨਾ, ਸੈਨਿਕ ਜੀਵਨ ਤੇ ਪੰਜਾਬੀ ਸਾਹਿਤ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ, ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਲਾਹੇਵੰਦ ਹੋਵੇਗਾ ਅਤੇ ਅਗਲੇਰੇ ਪੱਧਰ ਦੇ ਹੋਰ ਖੋਜ-ਕਾਰਜਾਂ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਦਾ ਅਧਾਰ ਵੀ ਬਣੇਗਾ।

ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਵੇਂ ਸ਼ਹਾਦਤ ਵਰੇ ਨੂੰ ਸਮਰਪਿਤ ਕੈਲੰਡਰ ਜਾਰੀ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਬਠਿੰਡਾ 24 ਜਨਵਰੀ (ਅੰਗਰੇਜ ਸਿੰਘ ਵਿੱਕੀ) ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਵਿਗਿਆਨਕ) ਅਤੇ ਮਲਟੀਪਰਪਜ਼ ਹੈਲਥ ਮੁਲਾਜ਼ਮ ਯੂਨੀਅਨ ਦੀ ਮੀਟਿੰਗ ਸਿਵਲ ਹਸਪਤਾਲ ਬਠਿੰਡਾ ਵਿਖੇ ਹੋਈ। ਇਸ ਮੀਟਿੰਗ ਦੇ ਫੈਸਲਿਆਂ ਬਾਰੇ ਗਗਨਦੀਪ ਭੁੱਲਰ ਸੂਬਾ ਪ੍ਰਧਾਨ ਪ.ਸ.ਸ.ਫ਼ ਵਿਗਿਆਨਕ ਨੇ ਦੱਸਿਆ ਕਿ ਫੈਡਰੇਸ਼ਨ ਵਿਗਿਆਨਕ ਦੀਆਂ ਜਥੇਬੰਦਕ ਸਰਗਰਮੀਆਂ ਮਹਾਰਾਸ਼ਟਰ ਵਿੱਚ ਹੋਣ ਵਾਲੀ ਕੌਮੀ ਕਾਨਫਰੰਸ, ਸਾਂਝੇ ਫਰੰਟ ਦੇ ਚੱਲਦੇ ਪ੍ਰੋਗਰਾਮਾਂ ਦੀ ਮੀਟਿੰਗ ਵਿਚ ਫੈਡਰੇਸ਼ਨ ਵੱਲੋਂ ਨਿਭਾਏ ਰੋਲ ਦੀ ਸਮੀਖਿਆ ਚਰਚਾ ਕੀਤੀ ਗਈ ਅਤੇ ਸਾਲ 2026 ਦਾ ਫੈਡਰੇਸ਼ਨ ਵਿਗਿਆਨਕ ਅਤੇ ਮਲਟੀਪਰਪਜ਼ ਹੈਲਥ ਮੁਲਾਜ਼ਮ ਯੂਨੀਅਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਵੇਂ ਸ਼ਹਾਦਤ ਵਰੇਂ ਨੂੰ ਸਮਰਪਿਤ ਕੈਲੰਡਰ ਜਾਰੀ ਕੀਤਾ l ਫੈਡਰੇਸ਼ਨ ਵਿਗਿਆਨਕ ਦੀ ਸੂਬਾ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਪਾਲ ਕੌਰ ਅਤੇ ਮਲਟੀਪਰਪਜ਼ ਹੈਲਥ ਮੁਲਾਜ਼ਮ ਯੂਨੀਅਨ ਦੇ ਆਗੂ ਜਸਵਿੰਦਰ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਲਗਾਤਾਰ ਮੁਲਾਜ਼ਮ / ਪੈਨਸ਼ਨਰ ਸੰਘਰਸ਼ ਦੇ ਰਾਹ ਵਿਚ ਹਨ ਕਿਉਂਕਿ ਪੰਜਾਬ ਸਰਕਾਰ ਵੀ ਕਾਰਪੋਰੇਟ ਪੱਖੀ ਨੀਤੀਆਂ ਕੇਂਦਰ ਦੀ ਤਰਜ਼ ਤੇ ਲਾਗੂ ਕਰ ਰਹੀ ਹੈ, ਚਾਰ ਲੇਬਰ ਕੋਡ,ਬਿਜਲੀ ਸੋਧ ਬਿੱਲ 2025, ਸਿੱਖਿਆ ਨੀਤੀ 2020, ਵੀ ਬੀ ਜੀ ਰਾਮ ਜੀ ਰਾਮ ਮਨਰੇਗਾ ਕਾਨੂੰਨ ਖ਼ਤਮ ਅਤੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਜਾਂ ਅਦਾਰਿਆਂ ਦਾ ਰਲੇਵਾਂ ਕਰਕੇ ਰੋਜ਼ਗਾਰ ਖ਼ਤਮ ਕਰਨ ਵਾਲੀਆਂ ਨੀਤੀਆਂ ਪੰਜਾਬ ਵਿੱਚ ਲਾਗੂ ਹੋ ਰਹੀਆਂ ਹਨ, ਅੰਨਦਾਤਾ ਅਤੇ ਮਜ਼ਦੂਰ ਬੇਰੁਜ਼ਗਾਰ ਨੌਜਵਾਨ ਰੁਲ ਰਹੇ ਹਨ, ਮੁਲਾਜ਼ਮਾਂ ਦਾ 16% ਡੀ ਏ, ਪਿੱਛਲਾ ਬਕਾਇਆ, ਪੀ ਐਫ ਆਰ ਡੀ ਏ ਐਕਟ ਰੱਦ ਕਰਨ ਤੇ ਪੁਰਾਣੀ ਪੈਨਸ਼ਨ ਬਹਾਲੀ ਬੇਰੁਜਗਾਰਾਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਫੇਲ੍ਹ ਹੋ ਚੁੱਕੀ ਹੈ l ਇਸ ਲਈ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਪੰਜਾਬ ਦੇ ਮੁਲਾਜ਼ਮਾਂ ਨੂੰ ਸ਼ਾਮਿਲ ਹੋ ਕੇ ਆਪਣਾ ਰੋਸ ਜ਼ਾਹਰ ਕਰਨਾ ਚਾਹੀਦਾ ਹੈ l ਇਸ ਮੌਕੇ ਆਲ ਇੰਡੀਆ ਸਟੇਟ ਗੌਰਮਿੰਟ ਫੈਡਰੇਸ਼ਨ ਦੇ 10 ਸੂਤਰੀ ਪ੍ਰੋਗਰਾਮ ਤੇ ਚਰਚਾ ਕਰਕੇ ਇਸ ਪ੍ਰੋਗਰਾਮ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਪੂਰੀ ਵਿਉਂਤਬੰਦੀ ਤਿਆਰ ਕੀਤੀ ਗਈ। ਇਸ ਮੌਕੇ ਅਮਨ ਕੁਮਾਰ ਲੰਬੀ, ਭੁਪਿੰਦਰ ਸਿੰਘ ਨਿਉਂਰ, ਮੁਨੀਸ਼ ਕੁਮਾਰ, ਕੁਲਵਿੰਦਰ ਸਿੰਘ ਫਾਰਮੇਸੀ ਅਫ਼ਸਰ ਬਠਿੰਡਾ,ਸੁਖਦੀਪ ਸਿੰਘ ਗੋਨਿਆਣਾ ,ਰਾਜੇਸ਼ ਮੌੜ, ਅਮਨਦੀਪ ਸਿੰਘ ਤਲਵੰਡੀ, ਪਰਮਜੀਤ ਕੌਰ ਸਿੱਧੂ, ਰਵਿੰਦਰ ਪਾਲ ਕੌਰ ਸਮੇਤ ਵੱਖ -ਵੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਫੈਡਰੇਸ਼ਨ ਵਿਗਿਆਨਕ ਪੀ ਐਫ ਆਰ ਡੀ ਏ ਬਿੱਲ ਰੱਦ ਕਰੇ,ਪੁਰਾਣੀ ਪੈਨਸ਼ਨ ਸਕੀਮ ਪੂਰਨ ਰੂਪ ਵਿਚ ਲਾਗੂ ਕੀਤੀ ਜਾਵੇ। ਸਾਰੇ ਕੱਚੇ ਕਾਮੇ,ਆਉਟਸੋਰਿਸਿੰਗ, ਸੋਸਾਇਟੀਆਂ ਵਿੱਚ ਕੰਮ ਕਰਨ ਵਾਲੇ,ਦਿਹਾੜੀਦਾਰ ਕਾਮਿਆਂ ਨੂੰ ਪੱਕੇ ਕਰੋ,ਜਨਤਕ ਖੇਤਰਾਂ ਦਾ ਨਿੱਜੀਕਰਨ ਬੰਦ ਕਰੋ,ਖ਼ਾਲੀ ਪਈਆਂ ਅਸਾਮੀਆਂ ਤੇ ਭਰਤੀ ਕਰੋ। ਪੰਜਾਬ ਦੇ ਮੁਲਾਜ਼ਮਾਂ ਤੇ ਸੱਤਵਾਂ ਪੇ-ਕਮਿਸ਼ਨ ਗਠਤ ਕੀਤਾ ਜਾਵੇ, ਜਬਤ ਕੀਤੇ ਗਏ ਏਰੀਅਰ ਅਤੇ ਡੀ ਏ ਦੀਆਂ ਕਿਸ਼ਤਾਂ ਦਾ ਤਰੁੰਤ ਭੁਗਤਾਨ ਕੀਤਾ ਜਾਵੇਂ । ਯੂਨੀਅਨ ਦੇ ਲੋਕਤੰਤਰੀਆਂ ਅਧਿਕਾਰਾਂ ਨੂੰ ਸੁਰੱਖਿਆ ਯਕੀਨੀ ਬਣਾਈ ਜਾਵੇ, ਹਰ ਪੰਜ ਸਾਲ ਬਾਅਦ ਪੇ ਰਵੀਜਨ, ਸੰਵਿਧਾਨ ਦੀ ਧਰਮ ਨਿਰਪੱਖਤਾ, ਰਾਜਾਂ ਨੂੰ ਵੱਧ ਅਧਿਕਾਰ ਲਈ ਪੂਰਨ ਸੰਘਰਸ਼ ਦੀ ਰੂਪ ਰੇਖਾ ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਹਰਜੀਤ ਸਿੰਘ, ਸੁਖਦੇਵ ਸਿੰਘ,ਗੁਰਪ੍ਰੀਤ ਸਿੰਘ, ਬੂਟਾ ਸਿੰਘ, ਡਾ. ਪ੍ਰਭਸਿਮਰਨ ਕੌਰ, ਜਤਿੰਦਰ ਸਿੰਘ, ਦਲਜੀਤ ਸਿੰਘ, ਵਰਿੰਦਰ ਸਿੰਘ, ਗੁਰਪ੍ਰੀਤ ਕੌਰ, ਨਵਜੋਤ ਸਿੰਘ, ਹਰਬੰਸ ਸਿੰਘ, ਅਰਸ਼ਦੀਪ ਸਿੰਘ,ਪਰਮਜੀਤ ਸਿੰਘ, ਬਲਜੀਤ ਕੌਰ, ਸੰਤੋਸ਼ ਰਾਣੀ, ਰਮਨਦੀਪ ਕੌਰ, ਸਿਮਰਨ ਕੌਰ, ਮਨਪ੍ਰੀਤ ਕੌਰ, ਨਰਵਿੰਦਰ ਸਿੰਘ, ਕਿਰਨਦੀਪ ਕੌਰ, ਰਿੰਪਲ ਕੁਮਾਰ, ਸੁਨੀਲ ਕੁਮਾਰ, ਜਗਜੀਤ ਸਿੰਘ, ਵਿਨੋਦ ਕੁਮਾਰ, ਕੁਲਦੀਪ ਸਿੰਘ, ਜਸਪ੍ਰੀਤ ਸਿੰਘ, ਜੋਨੀ ਕੁਮਾਰ, ਜਗਦੀਪ ਸਿੰਘ, ਕੁਲਦੀਪ ਸਿੰਘ ਤਲਵੰਡੀ ਸਾਬੋ, ਗੁਰਮੀਤ ਸਿੰਘ,ਰਾਜਦੀਪ ਸਿੰਘ, ਗੁਰਜਿੰਦਰ ਕੌਰ, ਸੁਖਮੀਤ ਕੌਰ, ਬਲਵੰਤ ਸਿੰਘ ਬੱਲੀ ਅਤੇ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ l

ਸੂਫ਼ੀ ਸ਼ਾਇਰੀ ਧਾਰਮਿਕ ਕੱਟੜਤਾ ਨੂੰ ਵੰਗਾਰਦੀ ਹੋਈ ਇਨਸਾਨੀਅਤ ਬਾਰੇ ਬੁਲੰਦ ਕਰਦੀ ਹੈ ਆਵਾਜ਼: ਉਪ-ਕੁਲਪਤੀ ਡਾ.ਜਗਦੀਪ ਸਿੰਘ

ਪੰਜਾਬੀ ਯੂਨੀਵਰਸਿਟੀ ਵਿੱਚ 'ਸੂਫ਼ੀਵਾਦ ਅਤੇ ਅਣਵੰਡਿਆ ਪੰਜਾਬ' ਵਿਸ਼ੇ 'ਤੇ ਹੋਈ ਵਿਚਾਰ-ਗੋਸ਼ਟੀ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਜਨਵਰੀ (ਅੰਗਰੇਜ ਸਿੰਘ ਵਿੱਕੀ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਸਾਹਿਤ ਅਕਾਦੇਮੀ, ਦਿੱਲੀ ਦੇ ਸਹਿਯੋਗ ਨਾਲ 'ਸੂਫ਼ੀਵਾਦ ਅਤੇ ਅਣਵੰਡਿਆ ਪੰਜਾਬ' ਵਿਸ਼ੇ 'ਤੇ ਇੱਕ ਰੋਜ਼ਾ ਵਿਚਾਰ—ਗੋਸ਼ਟੀ ਕਰਵਾਈ ਗਈ। ਉਪ-ਕੁਲਪਤੀ ਡਾ.ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਸੂਫ਼ੀ ਸ਼ਾਇਰੀ ਧਾਰਮਿਕ ਕੱਟੜਤਾ ਨੂੰ ਵੰਗਾਰਦੀ ਹੋਈ ਇਨਸਾਨੀਅਤ ਬਾਰੇ ਆਵਾਜ਼ ਬੁਲੰਦ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਇਹੀ ਖ਼ੂਬਸੂਰਤੀ ਹੈ। ਉਨ੍ਹਾਂ ਕਿਹਾ ਕਿ ਸੂਫ਼ੀਵਾਦ ਨੇ ਹਰ ਵਰਤਾਰੇ ਦੀ ਸ਼ੁੱਧਤਾ ਬਾਰੇ ਗੱਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਉਹ ਖ਼ੁਦ ਵਿਗਿਆਨ ਦੇ ਵਿਸ਼ੇ ਦੇ ਵਿਦਿਆਰਥੀ ਹਨ ਪਰ ਸੂਫ਼ੀਵਾਦ ਬਾਰੇ ਵਿਸ਼ੇਸ਼ ਦਿਲਚਸਪੀ ਹੈ। ਸਮਾਗਮ ਬਾਰੇ ਬੋਲਦਿਆਂ ਡਾ. ਰਵੇਲ ਸਿੰਘ, ਕਨਵੀਨਰ, ਪੰਜਾਬੀ ਸਲਾਹਕਾਰ ਬੋਰਡ, ਸਾਹਿਤ ਅਕਾਦੇਮੀ ਨੇ ਕਿਹਾ ਕਿ ਸੂਫ਼ੀਵਾਦ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਅੱਜ ਦੀ ਪੀੜ੍ਹੀ ਸੂਫ਼ੀਵਾਦ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਤੋਂ ਮੁਨਕਰ ਹੁੰਦੀ ਜਾ ਰਹੀ ਹੈ। ਸੂਫ਼ੀਵਾਦ ਕਾਲਕੀ ਸਥਿਤੀਆਂ ਤੋਂ ਪਾਰ ਦੀ ਗੱਲ ਕਰਦਾ ਹੈ। ਉਹਨਾਂ ਨੇ ਭਗਤ ਕਬੀਰ, ਜੈਦੇਵ, ਨਾਮਦੇਵ ਅਤੇ ਬਾਬਾ ਫ਼ਰੀਦ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਆਪਣੀ ਗੱਲ ਕੀਤੀ। ਗੋਸ਼ਟੀ ਦਾ ਆਰੰਭ ਕਰਦਿਆਂ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਗੁਰਸੇਵਕ ਲੰਬੀ ਨੇ ਕਿਹਾ ਕਿ ਸੂਫ਼ੀਵਾਦ ਇੱਕ ਅਜਿਹਾ ਵਰਤਾਰਾ ਹੈ ਜਿਸ ਨੇ ਪੰਜਾਬੀ ਸਾਹਿਤ, ਪੰਜਾਬੀ ਰਹਿਤਲ ਅਤੇ ਪੰਜਾਬੀ ਅਕਾਦਮਿਕਤਾ ਨੂੰ ਨਵੀਂ ਦਿਸ਼ਾ ਦਿੱਤੀ ਹੈ। ਪੰਜਾਬ ਭਾਵੇਂ ਅਨੇਕ ਵਾਰ ਤਕਸੀਮ ਹੋਇਆ ਪਰ ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਜ਼ਰੀਏ ਇਹ ਹਮੇਸ਼ਾ ਇੱਕ ਦੂਸਰੇ ਨਾਲ ਜੁੜਿਆ ਰਿਹਾ ਹੈ। ਪੰਜਾਬ ਦੀਆਂ ਭੂਗੋਲਿਕ ਵੰਡਾਂ ਤਾਂ ਹੋਈਆਂ ਪਰ ਰੂਹਾਨੀ ਵੰਡ ਕਦੇ ਨਹੀਂ ਹੋਈ। ਡਾ.ਸੰਦੀਪ ਕੌਰ, ਸਹਾਇਕ ਸੰਪਾਦਕ, ਸਾਹਿਤ ਅਕਾਦੇਮੀ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਕਿਹਾ ਤੇ ਦੱਸਿਆ ਕਿ ਸਾਹਿਤ ਅਕਾਦੇਮੀ ਚੌਵੀ ਭਾਸ਼ਾਵਾਂ ਵਿੱਚ ਭਾਰਤ ਭਰ ਵਿੱਚ ਕਾਰਜ ਕਰਦੀ ਹੈ। ਪੰਜਾਬੀ ਦੇ ਹਵਾਲੇ ਨਾਲ ਪੰਜਾਬੀ ਯੂਨੀਵਰਸਿਟੀ ਵਿੱਚ ਇਹ ਵਿਚਾਰ—ਗੋਸ਼ਟੀ ਕਰਨਾ ਆਪਣੇ ਆਪ ਵਿੱਚ ਅਹਿਮ ਗੱਲ ਹੈ। ਡਾ.ਭੁਪਿੰਦਰ ਅਜ਼ੀਜ਼ ਪਰਿਹਾਰ ਨੇ ਅੰਗਰੇਜ਼ੀ ਭਾਸ਼ਾ ਦੇ ਹਵਾਲੇ ਨਾਲ ਸੂਫ਼ੀਵਾਦ ਅਤੇ ਧਰਮ ਦੇ ਵਖਰੇਵੇਂ ਅਤੇ ਰਿਸ਼ਤੇ ਬਾਰੇ ਗੱਲਾਂ ਕੀਤੀਆਂ। ਸੂਫ਼ੀਵਾਦ ਦੇ ਮੁੱਖ ਸਿਧਾਂਤ—ਹਕੀਕਤ, ਮਾਰਫ਼ਤ, ਸ਼ਰੀਅਤ ਅਤੇ ਫ਼ਨਾਹ ਦੇ ਹਵਾਲੇ ਨਾਲ ਪੰਜਾਬ ਵਿੱਚ ਇੱਕ ਨਵੀਂ ਵਿਚਾਰਧਾਰਾ ਪੈਦਾ ਹੋਈ ਹੈ। ਡਾ.ਸਤੀਸ਼ ਕੁਮਾਰ ਵਰਮਾ ਨੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਕਿਹਾ ਕਿ ਸਮੁੱਚੀ ਪੰਜਾਬੀਅਤ ਸੂਫ਼ੀਵਾਦ ਦੇ ਪ੍ਰਭਾਵ ਅਧੀਨ ਰਹੀ ਹੈ। ਸੂਫ਼ੀ ਸੰਤਾਂ ਦੀਆਂ ਰਚਨਾਵਾਂ ਨਿੱਤ ਵਿਹਾਰ ਦੇ ਕੰਮਾਂ ਵਿੱਚੋਂ ਨਿਕਲੀਆਂ ਹੋਈਆਂ ਹਨ। ਇਹਨਾਂ ਦਾ ਲੋਕਧਾਰਾਈ ਅਤੇ ਸੱਭਿਆਚਾਰਕ ਮਹੱਤਵ ਹੈ। ਪੰਜਾਬ ਕਈ ਵਾਰ ਤਕਸੀਮ ਹੋ ਕੇ ਵੀ ਆਪਸ ਵਿੱਚ ਜੁੜਿਆ ਰਿਹਾ ਹੈ। ਡਾ.ਰਾਜਵੰਤ ਕੌਰ ਪੰਜਾਬੀ,ਮੁਖੀ,ਪੰਜਾਬੀ ਵਿਭਾਗ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ। ਵਿਚਾਰ—ਗੋਸ਼ਟੀ ਦੇ ਅਗਲੇ ਪੜ੍ਹਾਅ ਵਿੱਚ ਡਾ. ਰੁਬੀਨਾ ਸ਼ਬਨਮ, ਡਾ.ਰਹਿਮਾਨ ਅਖ਼ਤਰ, ਸ੍ਰੀ ਰਾਜੀਵ ਸਾਹਿਰ, ਡਾ. ਜਗਮੋਹਨ ਨੇ ਵੱਖ—ਵੱਖ ਵਿਸ਼ਿਆਂ 'ਤੇ ਪਰਚੇ ਪੜ੍ਹੇ।

ਸ੍ਰੀ ਰਾਜੀਵ ਸਾਹਿਰ ਜੋ ਲਖਨਊ ਤੋਂ ਆਏ ਸਨ, ਨੇ ਆਪਣੇ ਪਰਚੇ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੋਰ ਬਹੁਤ ਸਾਰਿਆਂ ਵਰਤਾਰਿਆਂ ਦੇ ਬਰਾਬਰ 'ਸੂਫ਼ੀਵਾਦ' ਪੰਜਾਬ ਦੀ ਵੱਡੀ ਦੇਣ ਹੈ। ਇਸ ਨੇ ਭਾਰਤੀ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ। ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾ.ਵਾਹਿਦ ਨਜ਼ੀਰ, ਸਹਾਇਕ ਪ੍ਰੋਫ਼ੈਸਰ, ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਨਵੀਂ ਦਿੱਲੀ ਨੇ ਕੀਤੀ। ਉਹਨਾਂ ਨੇ 'ਪ੍ਰਧਾਨਗੀ ਭਾਸ਼ਣ' ਵਿੱਚ 'ਤਵਸੁੱਫ਼' 'ਤੇ ਜ਼ੋਰ ਦੇ ਕੇ ਸੂਫ਼ੀਵਾਦ ਦੀਆਂ ਖ਼ੂਬੀਆਂ ਦੀ ਗੱਲ ਕੀਤੀ ਤੇ ਕਿਹਾ ਕਿ ਸੂਫ਼ੀਵਾਦ ਬੇਹਤਰ ਇਨਸਾਨ ਬਣਾਉਣ ਵਿੱਚ ਮਦਦ ਕਰਦਾ ਹੈ। ਦੂਜੇ ਸੈਸ਼ਨ ਦਾ ਸੰਚਾਲਨ ਡਾ.ਰਾਜਵਿੰਦਰ ਸਿੰਘ, ਪੰਜਾਬੀ ਵਿਭਾਗ ਨੇ ਕੀਤਾ। ਇਸ ਮੌਕੇ ਪ੍ਰੋਫ਼ੈਸਰ ਕਿਰਪਾਲ ਕਜ਼ਾਕ, ਡਾ.ਬਲਵਿੰਦਰ ਕੌਰ ਸਿੱਧੂ, ਡੀਨ, ਭਾਸ਼ਾਵਾਂ, ਡਾ.ਪਰਮੀਤ ਕੌਰ, ਡਾ.ਗੁਰਪ੍ਰੀਤ ਕੌਰ, ਡਾ.ਪੁਸ਼ਪਿੰਦਰ ਜੋਸ਼ੀ, ਡਾ.ਧਰਮਜੀਤ ਸਿੰਘ, ਮੁਖੀ, ਅੰਗਰੇਜ਼ੀ ਵਿਭਾਗ, ਡਾ.ਨਵਜੋਤ ਕੌਰ, ਡਾ.ਮੋਨਿਕਾ ਸਭਰਵਾਲ, ਡਾ.ਦਰਸ਼ਨ ਸਿੰਘ , ਡਾ.ਜਯੋਤੀ ਪੁਰੀ, ਡਾ.ਪਰਮਿੰਦਰਜੀਤ ਕੌਰ ਆਦਿ ਹਾਜ਼ਰ ਸਨ।

ਖੇਥੜਾਂ ਪਿੰਡ ਵਿੱਚ 9 ਫ਼ਰਵਰੀ ਨੂੰ ਮਨਾਇਆ ਜਾਵੇਗਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ:ਅਸ਼ੋਕ ਖੇਥੜਾਂ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਬੰਗਾ(ਚਰਨਜੀਤ ਸੱਲ੍ਹਾਂ)ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਪਿੰਡ ਖੇਥੜਾਂ ਵਿਖੇ 7-8 ਤੇ 9 ਫ਼ਰਵਰੀ ਨੂੰ ਬੜੀ ਹੀ ਧੂਮਧਾਮ ਤੇ ਸ਼ਰਧਾ ਪੂਰਵਕ ਮਨਾਇਆ ਜਾਵੇਗਾ । ਇਨ੍ਹਾਂ ਮਹਾਨ ਕਾਰਜਾਂ ਦੀ ਸ਼ੁਰੂਆਤ ਪ੍ਰਭਾਤ ਫੇਰੀਆਂ ਨਾਲ ਕੀਤੀ ਜਾਵੇਗੀ,ਜੋ ਕਿ ਮਿਤੀ 27-28 ਔਰ 29 ਜਨਵਰੀ ਨੂੰ ਕੱਢੀਆਂ ਜਾਣਗੀਆਂ! 7 ਫ਼ਰਵਰੀ ਨੂੰ ਨਿਸ਼ਾਨ ਸਾਹਿਬ ਨੂੰ ਨਵੇਂ ਚੋਲੇ ਪਹਿਨਾਏ ਜਾਣਗੇ ਤੇ ਉਪਰੰਤ ਜੁਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ। ਮਿਤੀ 9 ਫ਼ਰਵਰੀ ਨੂੰ ਆਰੰਭ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ ਤੇ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਇਆ ਜਾਵੇਗਾ,ਜਿਸ ਵਿੱਚ ਸੰਗਤਾਂ ਨੂੰ ਨਿਹਾਲ ਕਰਨਗੇ ਸੰਤ ਜੀਤ ਦਾਸ ਜੀ ਮਾਹਿਲ ਗਹਿਲਾਂ ਵਾਲੇ । ਰਾਤ ਦੇ ਦੀਵਾਨਾਂ ਦੀ ਸ਼ੁਰੂਆਤ ਬੱਚਿਆਂ ਦੇ ਮਿਸ਼ਨਰੀ ਪ੍ਰੋਗਰਾਮ ਨਾਲ ਠੀਕ ਸ਼ਾਮ 7 ਵਜੇ ਹੋਵੇਗੀ,ਉਪਰੰਤ ਸਨਮਾਨ ਸਮਾਰੋਹ ਹੋਵੇਗਾ ਤੇ ਠੀਕ 9 ਵਜੇ ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਜੀ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ । ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ । ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਇਸ ਮੌਕੇ ਅਸ਼ੋਕ ਕੁਮਾਰ (ਸਾਬਕਾ ਸਰਪੰਚ) ਵਾਈਸ ਪ੍ਰਧਾਨ ਬਹੁਜਨ ਸਮਾਜ ਪਾਰਟੀ ਹਲਕਾ ਬੰਗਾ ,ਸਾਬਕਾ ਸਰਪੰਚ ਕਮਲਜੀਤ, ਡਾਕਟਰ ਬੱਧਣ, ਸੋਮ ਨਾਥ, ਬਲਜੀਤ, ਚਾਂਦੀ ਰਾਮ , ਮਹਿੰਦਰ ਪਾਲ, ਨਿਰਮਲ ਕੌਰ ਪੰਚ, ਬਲਵੀਰ ਕੌਰ, ਰਾਮ ਲਾਲ, ਅਨਵਰ, ਸੌਰਵ, ਮੌਂਜੀ, ਸੋਨੂੰ, ਨਰਿੰਦਰ ਠੇਕੇਦਾਰ ਤੋਂ ਇਲਾਵਾ ਸਮੁੱਚੀ ਪ੍ਰਬੰਧਕ ਕਮੇਟੀ ਹਾਜ਼ਰ ਸੀ! ਆਪ ਸਭ ਨੂੰ ਇਸ ਧਾਰਮਿਕ ਖੁਸ਼ੀਆਂ ਵਿੱਚ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ।

ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਪਿੰਡ ਗੁਲਾਬਾ ਭੈਣੀ ਵਿਖੇ ਹੜ੍ਹ ਪ੍ਰਭਾਵਿਤ ਪਰਿਵਾਰ ਨੂੰ ਨਵੇਂ ਘਰ ਦੀਆਂ ਚਾਬੀਆਂ ਸੌਂਪੀਆਂ

"Equality and justice"
Patiala 24 January
INTERNATIONAL PAPER, 9463601616
hardipchumber57@gmail.com

ਸੰਗਰੂਰ,24 ਜਨਵਰੀ (ਜਗਸੀਰ ਸਿੰਘ)-

ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਜ਼ਿਲ੍ਹਾ ਫ਼ਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ ਏਰੀਆ ਵਿਚ ਜਿੱਥੇ ਵੱਖ-ਵੱਖ ਸੇਵਾਵਾਂ ਰਾਹੀਂ ਅਪਣਾ ਯੋਗਦਾਨ ਪਾਇਆ ਉੱਥੇ ਹੁਣ ਮੁੜ ਵਸੇਬੇ ਦੇ ਕਾਰਜਾਂ ਅਧੀਨ ਪਿੰਡ ਗੁਲਾਬਾ ਭੈਣੀ ਵਿਖੇ ਹੜ੍ਹ ਪ੍ਰਭਾਵਿਤ ਪਰਿਵਾਰ ਨੂੰ ਨਵਾਂ ਘਰ ਬਣਾ ਕੇ ਚਾਬੀ ਸੌਂਪੀ ਗਈ। ਜਿਕਰਯੋਗ ਹੈ ਕਿ ਕਲਗੀਧਰ ਟਰੱਸਟ ਦੇ ਮੁੱਖ ਸੇਵਾਦਾਰ ਅਤੇ ਪ੍ਰਧਾਨ ਡਾ. ਦਵਿੰਦਰ ਸਿੰਘ ਜੀ ਅਤੇ ਉਪ ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਦੀ ਅਗਵਾਈ ਵਿੱਚ ਪੂਰੇ ਪੰਜਾਬ ਵਿੱਚ ਵੱਡੇ ਪੱਧਰ ਤੇ ਹੜ੍ਹ ਰਾਹਤ ਕਾਰਜ ਕੀਤੇ ਗਏ ਹਨ। ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਨਵੇਂ ਮਕਾਨ ਬਣਾਕੇ ਦਿੱਤੇ ਗਏ ਹਨ। ਉਥੇ ਫ਼ਾਜ਼ਿਲਕਾ ਦੇ ਬਾਰਡਰ ਏਰੀਆ ਵਿੱਚ ਟਰੱਸਟ ਵੱਲੋਂ ਮੁੜ ਵਸੇਬੇ ਕਾਰਜਾਂ ਤਹਿਤ ਹੜ੍ਹ ਪੀੜਤਾਂ ਲਈ ਵੱਖ ਵੱਖ ਸਮਾਨ ਮੁਹੱਈਆ ਕਰਵਾਇਆ ਗਿਆ ਅਤੇ ਕੁਝ ਪਰਿਵਾਰਾਂ ਲਈ ਮਕਾਨ ਵੀ ਬਣਾਏ ਜਾ ਰਹੇ ਹਨ। ਇਸੇ ਤਹਿਤ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਗੁਲਾਬਾ ਭੈਣੀ ਵਿਖੇ ਬਣੇ ਪਹਿਲੇ ਮਕਾਨ ਦੀਆਂ ਚਾਬੀਆਂ ਸਮਾਜ ਸੇਵੀ ਸੀਨੀਅਰ ਮੈਡੀਕਲ ਅਫਸਰ ਡਾ.ਅਰਪਿਤ ਗੁਪਤਾ ਅਤੇ ਵੱਲੋਂ ਪਰਿਵਾਰ ਨੂੰ ਸੌਂਪੀਆਂ ਗਈਆਂ। ਇਸ ਮੌਕੇ ਕਲਗੀਧਰ ਟਰੱਸਟ ਦੇ ਵਲੰਟੀਅਰ ਸੇਵਾਦਾਰ ਸਮੇਤ ਪਿੰਡ ਦੇ ਮੋਹਤਬਰ ਅਤੇ ਪਰਿਵਾਰ ਹਾਜ਼ਰ ਸੀ।

ਮੁੱਖ ਮੰਤਰੀ ਸਿਹਤ ਯੋਜਨਾ’ ਤਹਿਤ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ‘ਚ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਸ਼ੁਰੂ

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਯੋਜਨਾ ਦੀ ਕੀਤੀ ਰਸਮੀ ਸ਼ੁਰੂਆਤ

“Equality and justice”
Patiala 24 January
INTERNATIONAL PAPER, 9463601616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸੂਬੇ ਦੇ ਨਾਗਰਿਕਾਂ ਨੂੰ ਵਿਸ਼ਵ ਪੱਧਰੀ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ “ਮੁੱਖ ਮੰਤਰੀ ਸਿਹਤ ਯੋਜਨਾ” ਤਹਿਤ ਅੱਜ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿੱਚ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਲੋਕ ਭਲਾਈ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਯੋਜਨਾ ਰਸਮੀ ਤੌਰ ‘ਤੇ ਹਲਕੇ ਦੇ 23 ਥਾਵਾਂ ‘ਤੇ ਲੋਕਾਂ ਤੱਕ ਪਹੁੰਚੀ ਹੈ, ਜਿਸ ਵਿੱਚ ਸ਼ਹਿਰ ਦੇ ਵਾਰਡ ਅਤੇ ਪਿੰਡ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ ਸੰਭਾਲ ਖੇਤਰ ਵਿੱਚ ਇਤਿਹਾਸਕ ਬਦਲਾਅ ਲਿਆ ਰਹੀ ਹੈ। ਇਸ ਯੋਜਨਾ ਦੇ ਲਾਗੂ ਹੋਣ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਅਤੇ ਮੁਫ਼ਤ ਇਲਾਜ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਮਹਿੰਗੇ ਨਿੱਜੀ ਹਸਪਤਾਲ ਵੀ ਗ਼ਰੀਬਾਂ, ਕਿਸਾਨਾਂ, ਮਜ਼ਦੂਰਾਂ ਅਤੇ ਆਮ ਨਾਗਰਿਕਾਂ ਲਈ ਪਹੁੰਚਯੋਗ ਹੋਣਗੇ, ਜੋ ਕਿ ਜਨਤਕ ਸੇਵਾ ਦੇ ਖੇਤਰ ਵਿੱਚ ਇਕ ਕ੍ਰਾਂਤੀਕਾਰੀ ਕਦਮ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਯੋਜਨਾ ਦੀ ਸ਼ੁਰੂਆਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਦੀਆਂ ਨੀਤੀਆਂ ਸਿਰਫ਼ ਐਲਾਨਾਂ ਤੱਕ ਸੀਮਿਤ ਨਹੀਂ ਹਨ, ਸਗੋਂ ਜ਼ਮੀਨੀ ਪੱਧਰ ‘ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਯੋਜਨਾ ਦੇ ਤਹਿਤ ਇਲਾਜ ਲਈ ਕੋਈ ਆਮਦਨ ਸੀਮਾ ਨਹੀਂ ਹੈ, ਜਿਸ ਨਾਲ ਸਮਾਜ ਦੇ ਸਾਰੇ ਵਰਗ ਲਾਭ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਵਿੱਚ 2,356 ਤੋਂ ਵੱਧ ਇਲਾਜ ਪੈਕੇਜ ਸ਼ਾਮਿਲ ਹਨ, ਜਿਸ ਵਿੱਚ ਆਮ ਬਿਮਾਰੀਆਂ ਤੋਂ ਲੈ ਕੇ ਦਿਲ ਦੀ ਬਿਮਾਰੀ, ਕੈਂਸਰ, ਗੁਰਦੇ ਡਾਇਲਿਸਿਸ ਅਤੇ ਟ੍ਰਾਂਸਪਲਾਂਟ, ਨਿਊਰੋਸਰਜਰੀ, ਆਰਥੋਪੈਡਿਕਸ, ਪ੍ਰਸੂਤੀ, ਨਵਜੰਮੇ ਬੱਚੇ ਦੀ ਦੇਖਭਾਲ, ਦੁਰਘਟਨਾ ਅਤੇ ਐਮਰਜੈਂਸੀ ਇਲਾਜ ਵਰਗੀਆਂ ਵਿਸ਼ੇਸ਼ ਸੇਵਾਵਾਂ ਸ਼ਾਮਿਲ ਹਨ। ਇਲਾਜ ਦੇ ਨਾਲ ਹੀ ਸਾਰੇ ਜ਼ਰੂਰੀ ਟੈਸਟ ਅਤੇ ਦਵਾਈਆਂ ਪੂਰੀ ਤਰ੍ਹਾਂ ਮੁਫ਼ਤ ਹੋਣਗੀਆਂ। ਵਿਧਾਇਕ ਜਿੰਪਾ ਨੇ ਕਿਹਾ ਕਿ ਇਕ ਵਾਰ ਮਰੀਜ਼ ਹਸਪਤਾਲ ਵਿੱਚ ਦਾਖ਼ਲ ਹੋਣ ਤੋਂ ਬਾਅਦ, ਇਲਾਜ ਪੂਰੀ ਤਰ੍ਹਾਂ ਕੈਸ਼ਲੈਸ ਹੋਵੇਗਾ ਅਤੇ ਸਾਰੀਆਂ ਸੇਵਾਵਾਂ ਸਿਰਫ਼ ਸਿਹਤ ਕਾਰਡ ਦਿਖਾ ਕੇ ਉਪਲਬੱਧ ਹੋਣਗੀਆਂ। ਵਰਤਮਾਨ ਵਿੱਚ 850 ਤੋਂ ਵੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਇਸ ਯੋਜਨਾ ਦੇ ਤਹਿਤ ਸੂਚੀਬੱਧ ਕੀਤਾ ਗਿਆ ਹੈ ਅਤੇ ਭਵਿੱਖ ਵਿੱਚ ਹੋਰ ਵੀ ਸ਼ਾਮਿਲ ਕੀਤੇ ਜਾਣਗੇ।

* * *

ਇਫਟੂ ਵਰਕਰਾਂ ਨੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ

“Equality and justice”
Patiala 24 January
INTERNATIONAL PAPER, 9463601616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਅੱਜ ਭੱਠਾ ਵਰਕਰ ਯੂਨੀਅਨ (ਇਫਟੂ) ਵੱਲੋਂ ਰਾਹੋ ਇੱਟਾਂ ਦੇ ਪੱਠੇ ਉੱਤੇ ਚਾਰ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ ਗਈਆਂ।ਇੱਥੇ ਵਰਨਣਯੋਗ ਹੈ ਕਿ ਇਫਟੂ ਵੱਲੋਂ ‘ ਸ਼ਨੀਵਾਰ ਅੰਦੋਲਨ ‘ ਤਹਿਤ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਜਿਲਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਬੀਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਚਾਰ ਲੇਬਰ ਕੋਡ ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਹਨ। ਇਹ ਪੂੰਜੀਪਤੀਆਂ ਨੂੰ ਮਜ਼ਦੂਰ ਵਰਗ ਦੀ ਅਥਾਹ ਲੁੱਟ ਕਰਨ ਦੀ ਖੁੱਲ ਦਿੰਦੇ ਹਨ।ਇਹ ਮਜ਼ਦੂਰਾਂ ਦੇ ਉਹਨਾਂ ਹੱਕਾਂ ਉੱਤੇ ਪੋਚਾ ਫੇਰਦੇ ਹਨ ਜੋ ਮਜ਼ਦੂਰ ਵਰਗ ਨੇ ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਸਨ।ਆਗੂਆਂ ਨੇ ਕਿਹਾ ਕਿ ਇਫਟੂ ਚਾਰ ਲੇਬਰ ਕੋਡ ਵਿਰੁੱਧ ਲੜਾਈ ਜਾਰੀ ਰੱਖੇਗੀ। ਆਗੂਆਂ ਨੇ ਕਿਹਾ ਕਿ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 12 ਫ਼ਰਵਰੀ ਨੂੰ ਦੇਸ਼ ਵਿਆਪੀ ਹੜਤਾਲ ਦੇ ਸੱਦੇ ਉੱਤੇ ਇਫਟੂ ਵੱਲੋਂ ਹੜਤਾਲ ਕੀਤੀ ਜਾਵੇਗੀ। ਇਸ ਹੜਤਾਲ ਰਾਹੀਂ ਮੋਦੀ ਸਰਕਾਰ ਨੂੰ ਮਜ਼ਦੂਰ ਜਮਾਤ ਦਾ ਤਿੱਖਾ ਗੁੱਸਾ ਦੇਖਣ ਨੂੰ ਮਿਲੇਗਾ। ਇਸ ਮੌਕੇ ਸੋਨੂੰ,ਰਾਹੁਲ,ਬੇਨਤੀ, ਅਰਜਨ ਨੇ ਵੀ ਮੋਦੀ ਸਰਕਾਰ ਦੀ ਅਲੋਚਨਾ ਕੀਤੀ। ਇਸ ਮੌਕੇ ਪਦਮ, ਦਾਸੀ, ਦੁਲਾਰੀ, ਨਿੱਕੀ,ਰਾਖੀ ਅਤੇ ਬਿਜਲੀ ਨਾਮੀ ਮਜ਼ਦੂਰ ਵੀ ਹਾਜਰ ਸਨ

* * *

ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ, ਸਵਾਮਿਤਵ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਪ੍ਰਗਤੀ ਦਾ ਲਿਆ ਜਾਇਜ਼ਾ

“Equality and justice”
Patiala 24 January
INTERNATIONAL PAPER, 9463601616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਆਪਣੇ ਦਫ਼ਤਰ ਵਿੱਚ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ, ਸਵਾਮਿਤਵ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿਚ ਯੋਜਨਾਵਾਂ ਅਤੇ ਲੰਬਿਤ ਕੰਮਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਵਿੱਚ ਲੰਬਿਤ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਤੀਰਥ ਯਾਤਰਾ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਤਹਿਤ ਜ਼ਿਲ੍ਹੇ ਦੇ ਲੋਕਾਂ ਨੂੰ ਮੁਨਾਦੀ ਰਾਹੀਂ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁਨਾਦੀ ਕਰਵਾਉਣ ਤੋਂ ਬਾਅਦ ਯਾਤਰੀਆਂ ਦੀ ਰਜਿਸਟ੍ਰੇਸ਼ਨ ਦਾ ਕੰਮ ਕੀਤਾ ਜਾਵੇਗਾ। ਰਜਿਸਟ੍ਰੇਸ਼ਨ ਸਬੰਧੀ ਫਾਰਮ ਬੂਥ ਪੱਧਰ ਉੱਤੇ ਭਰਵਾਏ ਜਾਣਗੇ। ਯਾਤਰਾ ‘ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਪੂਰਨ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ। ਇਸ ਲਈ ਰਜਿਸਟ੍ਰੇਸ਼ਨ ਵਾਸਤੇ ਵੋਟਰ ਕਾਰਡ ਲਾਜ਼ਮੀ ਹੋਵੇਗਾ। ਉਨ੍ਹਾਂ ਕਿਹਾ ਕਿ ਹਰੇਕ ਰਜਿਸਟਰਡ ਵਿਅਕਤੀਆਂ ਵਿਚੋਂ ਹਰੇਕ ਬੂਥ ਤੋਂ ਡਰਾਅ ਰਾਹੀਂ ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਬੰਧਤ ਏਜੰਸੀ ਨਾਲ ਤਾਲਮੇਲ ਕਰਕੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੱਸਾਂ ਦੇ ਸ਼ਡਿਊਲ ਅਨੁਸਾਰ ਯਾਤਰਾ ਦੇ ਯੋਗ ਪ੍ਰਬੰਧਾਂ ਨੂੰ ਯਕੀਨੀ ਬਣਾਉਣ।

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਨਾਗਰਿਕਾਂ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਾਗੂ ਕੀਤੀ ਗਈ ਹੈ ਜਿਸ ਅਧੀਨ ਹਰੇਕ ਨਾਗਰਿਕ ਨੂੰ ਕਵਰ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਯੋਜਨਾ ਦਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਲਾਭਪਾਤਰੀਆਂ ਦੇ ਸਿਹਤ ਬੀਮਾ ਕਾਰਡ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਹੀ ਇੰਪੈਨਲਡ ਹਸਪਤਾਲਾਂ ਵਿਚ ਲਾਭਪਾਤਰੀ ਅਪਣਾ ਇਲਾਜ ਕਰਵਾ ਕੇ ਇਸ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਦੱਸਿਆ ਕਿ ਕਾਰਡ ਬਣਾਉਣ ਲਈ ਹਰ ਪਿੰਡ ‘ਚ ਕੈਂਪ ਲਾਏ ਜਾਣਗੇ ਤੇ ਕਾਮਨ ਸਰਵਿਸ ਸੈਂਟਰਾਂ ‘ਤੇ ਵੀ ਬਿਨਾਂ ਕਿਸੇ ਫੀਸ ਦੇ ਕਾਰਡ ਬਣਾਏ ਜਾਣਗੇ। ਰਜਿਸਟ੍ਰੇਸ਼ਨ ਲਈ 18 ਸਾਲ ਤੋਂ ਵੱਧ ਉਮਰ ਵਾਲਿਆਂ ਲਈ ਆਧਾਰ ਕਾਰਡ ਤੇ ਵੋਟਰ ਕਾਰਡ, ਜਦਕਿ 18 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਆਧਾਰ ਕਾਰਡ, ਜਨਮ ਸਰਟੀਫਿਕੇਟ ਤੇ ਮਾਤਾ ਜਾਂ ਪਿਤਾ ਦਾ ਵੋਟਰ ਕਾਰਡ ਲਾਜ਼ਮੀ ਹੋਵੇਗਾ। ਡਿਪਟੀ ਕਮਿਸ਼ਨਰ ਨੇ ਸਵਾਮਿਤਵ ਤਹਿਤ ਚੱਲ ਰਹੀ ਮੈਪਿੰਗ, ਗਰਾਊਂਡ ਟ੍ਰੂਟਿੰਗ, ਮੁਸਾਵੀ-ਕੈਡਸਟ੍ਰਲ ਡਿਜੀਟਾਈਜ਼ੇਸ਼ਨ, ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਮੀਟਿੰਗ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਲੰਬਿਤ ਮੈਪਿੰਗ, ਗਰਾਊਂਡ ਟ੍ਰੂਟਿੰਗ ਆਦਿ ਦੇ ਕੰਮ ਨੂੰ ਮੁਕੰਮਲ ਕਰਨ ਨੂੰ ਤਰਜੀਹ ਦੇਣ।

* * *

ਚਾਂਦੀ ਰਾਮ ਜੀ ਦੀ ਬਰਸੀ ਪੰਜਾਬੀ ਭਵੱਨ ਲੁਧਿਆਣਾ ਵਿਖੇ ਮਨਾਈ

ਵਿਸ਼ਵ ਪ੍ਰਸਿੱਧ ਗਾਇਕਾ ਬੀਬੀ ਰਣਜੀਤ ਕੌਰ ਜੀ ਦਾ ਮਰਹੂਮ ਗਾਇਕਾ ਸ਼ਾਤੀ ਦੇਵੀ ਪੁਰਸਕਾਰ ਨਾਲ ਸਨਮਾਨ ਕੀਤਾ ਗਿਆ

“Equality and justice”
Patiala 24 January
INTERNATIONAL PAPER, 9463601616
hardipchumber57@gmail.com

